# ਪੰਜਾਬੀ ਨਾਟਕ ਅਤੇ ਰੰਗਮੰਚ: ਸਮਕਾਲੀਨ ਦ੍ਰਿਸ਼

ਡਾ. ਜਗਦੀਪ ਸਿੰਘ ਸੰਧੂ *

ਪੰਜਾਬੀ ਨਾਟਕ ਅਤੇ ਰੰਗਮੰਚ ਦੇ 100 ਸਾਲ ਤੋਂ ਉੱਪਰ ਦੇ ਇਤਿਹਾਸ ਵਿੱਚ ਅਨੇਕਾਂ ਅਜਿਹੇ ਮੋੜ ਆਏ ਜਿਨ੍ਹਾਂ ਨੇ ਇੱਕ ਨਵੇਂ ਦੌਰ ਦੀ ਸ਼ੁਰੂਆਤ ਕੀਤੀ ਜਿਸ ਵਿੱਚੋਂ ਵਿਚਾਰਧਾਰਕ ਅਤੇ ਵਿਹਾਰਕ ਪੱਧਰ 'ਤੇ ਬਹੁਤ ਜਿਆਦਾ ਪ੍ਰਯੋਗ ਹੋਏ। ਇਸੇ ਇਤਿਹਾਸਕ ਸਫ਼ਰ ਦੇ ਬਦਲਾਵਾਂ ਵਿੱਚ ਹੀ ਪੰਜਾਬੀ ਨਾਟਕ ਦੇ ਵਿਕਾਸ ਦੇ ਤੱਤ ਵੀ ਨਿਹਿਤ ਹਨ। ਬਿਨ੍ਹਾਂ ਸ਼ੱਕ ਅੱਜ ਪੰਜਾਬੀ ਨਾਟਕ ਅਤੇ ਰੰਗਮੰਚ ਦੀਆਂ ਪ੍ਰਾਪਤੀਆਂ ਗੌਲਣਯੋਗ ਹਨ। ਪਰ ਕੀ ਸਾਡੀਆਂ ਇਹਨਾਂ ਇਤਿਹਾਸਕ ਪ੍ਰਾਪਤੀਆਂ ਦੀ ਸਮਕਾਲ ਵਿੱਚ ਕੋਈ ਭੂਮਿਕਾ ਹੈ ਅਤੇ ਕੀ ਅਸੀਂ ਇਹਨਾਂ ਤੋਂ ਅੱਗੇ ਦੀ ਵੀ ਕੋਈ ਅਗਵਾਈ ਲੈ ਸਕਦੇ ਹਾਂ ? ਇਹ ਅਜਿਹੇ ਸਵਾਲ ਹਨ ਜਿਨ੍ਹਾਂ ਦੇ ਰੂ-ਬ-ਰੂ ਹੋਣ ਲਈ ਸਾਨੂੰ ਸਮਕਾਲ ਦੇ ਪੰਜਾਬੀ ਨਾਟਕ ਅਤੇ ਰੰਗਮੰਚ ਦੀ ਸਮੀਖਿਆ ਕਰਨੀ ਬਣਦੀ ਹੈ।

ਸਮਕਾਲ ਦੇ ਪੰਜਾਬੀ ਨਾਟਕ ਅਤੇ ਰੰਗਮੰਚ ਦੀ ਸਥਿਤੀ ਕੋਈ ਬਹੁਤ ਤਸੱਲੀਬਖਸ਼ ਨਹੀਂ ਹੈ। ਇਸ ਸਥਿਤੀ ਦਾ ਮੁਲਾਂਕਣ ਕਈ ਹਵਾਲਿਆਂ ਨਾਲ ਕੀਤਾ ਸਕਦਾ ਹੈ। ਪ੍ਰੰਤੂ ਸਭ ਤੋਂ ਵੱਧ ਕਰੋਨਾ ਕਾਲ ਨੇ ਇਸ ਨੂੰ ਪ੍ਰਭਾਵਿਤ ਕੀਤਾ ਹੈ। ਇਸ ਕਾਲ ਦੌਰਾਨ ਮਨੁੱਖ ਘਰ ਅੰਦਰ ਸਿਮਟ ਗਿਆ ਅਤੇ ਸਮਾਜਿਕ ਤੌਰ 'ਤੇ ਮੇਲ-ਜੋਲ ਬੰਦ ਹੋ ਗਿਆ। ਸਮੂਹ ਜਾਂ ਇਕੱਠ 'ਤੇ ਰੋਕ ਲੱਗਣ ਕਾਰਨ ਬਹੁਤ ਸਾਰੇ ਸਾਹਿਤਕ ਅਤੇ ਸਭਿਆਚਾਰਕ ਸਮਾਗਮ ਹੋਣੇ ਬੰਦ ਹੋ ਗਏ। ਪਰ ਇਸ ਕਾਲ ਵਿੱਚ ਸੋਸ਼ਲ ਮੀਡੀਆ ਸਭ ਤੋਂ ਜਿਆਦਾ ਆਪਸੀ ਮੇਲ-ਜੋਲ ਦਾ ਸ਼ਕਤੀਸ਼ਾਲੀ ਸਾਧਨ ਬਣਿਆ ਭਾਵੇਂ ਕਿ ਇਹ ਆਨਲਾਈਨ ਮਾਧਿਅਮ ਰਾਹੀਂ ਹੀ ਸੀ। ਪੰਜਾਬੀ ਨਾਟਕ ਅਤੇ ਰੰਗਮੰਚ ਵਿੱਚ ਵੀ ਕਈ ਸਮਾਗਮ ਇਸ ਵਿਧੀ ਰਾਹੀਂ ਕਰਵਾਏ ਗਏ ਜਿਸ ਵਿੱਚ ਜ਼ੂਮ ਐਪ ਅਤੇ ਯੂ-ਟਿਊਬ ਦੀ ਸਭ ਤੋਂ ਜਿਆਦਾ ਵਰਤੋਂ ਕੀਤੀ ਗਈ। ਇਸ ਦੌਰਾਨ ਬਹੁਤੇ ਸਮਾਗਮ ਰੂ-ਬ-ਰੂ ਅਤੇ ਵਿਚਾਰ ਚਰਚਾ ਨਾਲ ਹੀ ਸੰਬੰਧਤ ਰਹੇ ਪ੍ਰੰਤੂ ਕੁਝ ਕੁ ਹਿੰਮਤੀ ਰੰਗਕਰਮੀਆਂ ਨੇ ਇਸ ਮਾਧਿਅਮ ਰਾਹੀਂ ਵੀ ਨਾਟ-ਪੇਸ਼ਕਾਰੀਆਂ ਕਰਕੇ ਵਿਖਾਈਆਂ। ਇਹ ਵੱਖਰੀ ਗੱਲ ਹੈ ਕਿ ਇਹ ਪੇਸ਼ਕਾਰੀਆਂ ਦਰਸ਼ਕਾਂ ਦੇ ਸਾਹਮਣੇ ਭੌਤਿਕ ਰੂਪ ਵਿੱਚ ਨਹੀਂ ਸਗੋਂ ਸਕਰੀਨ ਰਾਹੀਂ ਪੇਸ਼ ਹੋ ਰਹੀਆਂ ਸਨ ਅਤੇ ਜਿਨ੍ਹਾਂ ਵਿੱਚ ਸਟੇਜ ਦੀ ਥਾਂ ਘਰ ਦਾ ਵਿਹੜਾ ਹੀ ਰੰਗਮੰਚ ਬਣਾ ਲਿਆ ਗਿਆ। ਨਾਟਕੀ ਵਿਧਾ ਦੀ ਕਸੌਟੀ 'ਤੇ ਭਾਵੇਂ ਇਹ ਖਰੀਆਂ ਨਾ ਉੱਤਰਣ ਪ੍ਰੰਤੂ ਰੰਗਕਰਮੀਆਂ ਦੇ ਉੱਦਮ ਅਤੇ ਹੌਂਸਲੇ ਦੀ ਸ਼ਲਾਘਾ ਕਰਨੀ ਬਣਦੀ ਹੈ। ਕਈ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਨੇ ਲਗਾਤਾਰਤਾ ਨਾਲ ਨਾਟਕੀ ਅਤੇ ਰੰਗਮੰਚੀ ਗਤੀਵਿਧੀਆਂ ਚਾਲੂ ਰੱਖੀਆਂ। ਪਰੰਤੂ ਰੰਗਮੰਚ ਇਕ ਉਹ ਕਲਾ ਹੈ ਜਿਸ ਵਿੱਚ ਦਰਸ਼ਕ ਦੇ ਸਾਹਮਣੇ ਭੌਤਿਕ ਰੂਪ ਵਿੱਚ ਪੇਸ਼ਕਾਰੀ ਕੀਤੀ



* ਜ਼ਿਲ੍ਹਾ ਭਾਸ਼ਾ ਅਫ਼ਸਰ, ਫ਼ਿਰੋਜ਼ਪੁਰ। ਮੋ. +91 98726-00926

ਜਾਂਦੀ ਹੈ। ਨਿਰਸੰਦੇਹ ਇਹਨਾਂ ਸੁਹਿਰਦ ਕੋਸ਼ਿਸ਼ਾਂ ਦੇ ਬਾਵਜੂਦ ਵੀ ਨਾਟਕ ਅਤੇ ਰੰਗਮੰਚ ਵਿੱਚ ਇਸ ਕਾਲ ਦੌਰਾਨ ਆਈ ਖੜੋਤ ਦਾ ਅਸਰ ਅਜੇ ਵੀ ਹੈ।

ਨਾਟ-ਪੇਸ਼ਕਾਰੀਆਂ ਦੀ ਘਾਟ ਕਾਰਨ ਨਵੀਂਆਂ ਨਾਟ-ਸਕਰਿਪਟਾਂ ਦੀ ਲੋੜ ਵੀ ਘੱਟ ਗਈ ਜਿਸ ਦੇ ਸਿੱਟੇ ਵਜੋਂ ਨਵੇਂ ਨਾਟਕ ਵੀ ਘੱਟ ਲਿਖੇ ਜਾਣ ਲੱਗੇ। ਭਾਵੇਂ ਕਿ ਕਰੋਨਾ ਕਾਲ ਤੋਂ ਪਹਿਲਾਂ ਵੀ ਪੰਜਾਬੀ ਵਿੱਚ ਨਵੇਂ ਨਾਟਕਕਾਰਾਂ ਦੀ ਘਾਟ ਰੜਕਦੀ ਰਹੀ ਹੈ। ਪ੍ਰੰਤੂ ਹੁਣ ਤਾਂ ਨਵੀਂਆਂ ਨਾਟ-ਸਕਰਿਪਟਾਂ ਦਾ ਸੰਕਟ ਹੋਰ ਵੀ ਗਹਿਰਾ ਹੋ ਗਿਆ ਹੈ। ਨਾਟ-ਆਲੋਚਨਾ ਦੀ ਸਥਿਤੀ ਤਾਂ ਇਸ ਤੋਂ ਵੀ ਜਿਆਦਾ ਤ੍ਰਾਸਦਿਕ ਹੈ। ਇਹਨਾਂ ਸਾਰੇ ਪ੍ਰਭਾਵਾਂ ਦਾ ਮੁਲਾਂਕਣ ਕਰਨ ਲਈ ਕਈ ਹਵਾਲਿਆਂ ਤੋਂ ਅਧਿਐਨ ਕਰਨਾ ਬਣਦਾ ਹੈ। ਸਭ ਤੋਂ ਪਹਿਲਾਂ ਆਪਾਂ ਰੰਗਮੰਚੀ ਪਰਿਪੇਖ ਵਿੱਚ ਸਮਕਾਲ ਦੀ ਸਥਿਤੀ ਨੂੰ ਦੇਖਦੇ ਹਾਂ। ਪੰਜਾਬ ਵਿੱਚ ਨਾਟਕ ਦੀਆਂ ਪੇਸ਼ਕਾਰੀਆਂ ਪ੍ਰਮੁੱਖ ਤੌਰ 'ਤੇ ਹੇਠ ਲਿਖੇ ਮੰਚਾਂ ਰਾਹੀਂ ਹੁੰਦੀਆਂ ਹਨ:-

1) ਨਿਰਧਾਰਤ ਨਾਟਕ ਮੇਲੇ (ਸਰਕਾਰੀ ਅਤੇ ਗ਼ੈਰ ਸਰਕਾਰੀ)

2) ਨਿੱਜੀ ਸੰਸਥਾਵਾਂ/ਕਲੱਬਾਂ/ਪੰਚਾਇਤਾਂ ਦੁਆਰਾ ਕਰਵਾਏ ਜਾਂਦੇ ਨਾਟਕ।

3) ਕਾਲਜਾਂ/ਯੂਨੀਵਰਸਿਟੀਆਂ ਦੇ ਯੁਵਕ ਮੇਲੇ।

4) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਜਾਂਦੇ ਨਾਟਕ ਮੁਕਾਬਲੇ।

5) ਭਾਸ਼ਾ ਵਿਭਾਗ, ਪੰਜਾਬ ਵੱਲੋਂ ਕਰਵਾਏ ਜਾਂਦੇ ਨਾਟਕ ਮੁਕਾਬਲੇ।

6) ਲਹਿਰਾਂ/ਖੱਬੇ ਪੱਖੀ ਧਿਰਾਂ ਜਾਂ ਕਿਸੇ ਵਿਸ਼ੇਸ਼ ਲਹਿਰ ਨਾਲ ਸੰਬੰਧਿਤ ਨਾਟ-ਪੇਸ਼ਕਾਰੀਆਂ।

7) ਪੰਜਾਬ ਤੋਂ ਬਾਹਰ ਪੰਜਾਬੀ ਨਾਟਕ ਦੀਆਂ ਪੇਸ਼ਕਾਰੀਆਂ।

8) ਪਰਵਾਸੀ ਪੰਜਾਬੀ ਰੰਗਮੰਚ।

ਪੰਜਾਬੀ ਰੰਗਮੰਚ ਵਿੱਚ ਪਹਿਲਾਂ ਤੋਂ ਹੀ ਨਿਰਧਾਰਤ ਨਾਟ-ਮੇਲਿਆਂ ਦੀ ਵਿਸ਼ੇਸ਼ ਭੂਮਿਕਾ ਹੈ। ਇਹ ਮੇਲੇ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਵੱਲੋਂ ਕਰਵਾਏ ਜਾਂਦੇ ਹਨ। ਸਰਕਾਰੀ ਸੰਸਥਾਵਾਂ ਵਿੱਚ ਬਾਬਾ ਸ਼ੇਖ ਫ਼ਰੀਦ ਨੈਸ਼ਨਲ ਪੰਜਾਬੀ ਡਰਾਮਾ ਫ਼ੈਸਟੀਵਲ ਬਾਬਾ ਫ਼ਰੀਦ ਜੀ ਦੇ ਆਗਮਨ ਪੂਰਬ 'ਤੇ ਜ਼ਿਲ੍ਹਾ ਪ੍ਰਸ਼ਾਸਨ ਫ਼ਰੀਦਕੋਟ ਵੱਲੋਂ ਸਤੰਬਰ ਮਹੀਨੇ ਵਿੱਚ ਮਨਾਇਆ ਜਾਂਦਾ ਹੈ। ਇਹ

ਮੇਲਾ 1996 ਤੋਂ ਸ਼ੁਰੂ ਹੋਇਆ ਸੀ। ਇਹ ਪੰਜਾਬ ਦਾ ਇੱਕੋ ਇੱਕ ਨਾਟ-ਮੇਲਾ ਸੀ, ਜੋ 7 ਦਿਨ ਤੱਕ ਵੀ ਚੱਲਦਾ ਰਹਿੰਦਾ ਸੀ ਅਤੇ ਇਸ ਨਾਟ-ਮੁਕਾਬਲੇ ਵਿੱਚ ਪੰਜਾਬ ਦੀਆਂ ਨਾਮਵਰ ਟੀਮਾਂ/ਨਿਰਦੇਸ਼ਕ ਭਾਗ ਲੈਂਦੇ ਰਹੇ ਹਨ। 25-30 ਨਾਟ-ਪੇਸ਼ਕਾਰੀਆਂ ਵਿੱਚੋਂ ਸਰਵੋਤਮ ਟੀਮਾਂ ਨੂੰ ਸਨਮਾਨਤ ਕੀਤਾ ਜਾਂਦਾ ਸੀ ਅਤੇ ਨਕਦ ਰਾਸ਼ੀ ਵੀ ਦਿੱਤੀ ਜਾਂਦੀ ਸੀ। ਅੱਜ ਦੇ ਪੰਜਾਬੀ ਰੰਗਮੰਚ ਦੇ ਕਈ ਵੱਡੇ ਰੰਗਕਰਮੀਆਂ ਨੇ ਇਸ ਮੇਲੇ ਤੋਂ ਹੀ ਆਪਣਾ ਨਾਮ ਖੱਟਿਆ ਹੈ। ਪ੍ਰੰਤੂ ਸਮੇਂ ਦੇ ਵਹਾਅ ਨਾਲ ਇਹ ਨਾਟ-ਮੇਲਾ ਤਿੰਨ ਦਿਨਾਂ ਤੱਕ ਸਿਮਟ ਗਿਆ ਅਤੇ ਹੁਣ ਇਥੇ ਨਾਟ-ਮੁਕਾਬਲਾ ਨਹੀਂ ਕੇਵਲ ਦੋ ਨਾਟਕਾਂ ਦੀ ਪੇਸ਼ਕਾਰੀ ਕਰਵਾ ਕੇ ਹੀ ਬੁੱਤਾ ਸਾਰਿਆ ਜਾ ਰਿਹਾ ਹੈ । ਬਜਟ ਦੀ ਘਾਟ ਕਾਰਨ ਚੰਗੀਆਂ ਨਾਟ-ਪੇਸ਼ਕਾਰੀਆਂ ਦੀ ਘਾਟ ਵੀ ਰੜਕਦੀ ਰਹਿੰਦੀ ਹੈ। ਇਸ ਦਾ ਪ੍ਰਮੁੱਖ ਕਾਰਨ ਇਸਦਾ ਪ੍ਰਬੰਧਨ ਪ੍ਰਸ਼ਾਸਨ ਵੱਲੋਂ ਹੋਣ ਕਾਰਨ ਕੇਵਲ ਪ੍ਰਬੰਧਕਾਂ ਦੀ ਸਰਕਾਰੀ ਡਿਊਟੀ ਬਣ ਕੇ ਹੀ ਰਹਿ ਜਾਣਾ ਹੈ ਅਤੇ ਕਿਸੇ ਦੀ ਵੀ ਨਿੱਜੀ ਦਿਲਚਸਪੀ ਨਹੀਂ ਰਹੀ। ਇਸ ਮੇਲੇ ਦੇ ਪੱਧਰ ਵਿੱਚ ਆਈ ਗਿਰਾਵਟ ਨੇ ਪੰਜਾਬੀ ਦੇ ਨਵੇਂ ਰੰਗਕਰਮੀਆਂ ਅਤੇ ਨਾਟ-ਸਕਰਿਪਟਾਂ ਦੀ ਘਾਟ ਨੂੰ ਜਨਮ ਦਿੱਤਾ ਹੈ ਕਿਉਂਕਿ ਪਹਿਲਾਂ ਜਦੋਂ ਮੁਕਾਬਲਾ ਹੁੰਦਾ ਸੀ ਤਾਂ ਸਾਰੇ ਨਿਰਦੇਸ਼ਕਾਂ ਦੀ ਕੋਸ਼ਿਸ਼ ਹੁੰਦੀ ਸੀ ਕਿ ਹਰ ਵਾਰੀ ਕੋਈ ਨਵੀ ਸਕਰਿਪਟ ਖੇਡੀ ਜਾਵੇ। ਦੂਜਾ ਵੱਡਾ ਨਾਟ-ਮੇਲਾ ਸ੍ਰੀ ਮਹਾਂ ਸ਼ਕਤੀ ਕਲਾ ਮੰਦਿਰ ਵੱਲੋਂ ਬਰਨਾਲਾ ਵਿਖੇ ਆਯੋਜਿਤ ਕੀਤਾ ਜਾਂਦਾ ਹੈ। ਇਸਦਾ ਪ੍ਰਬੰਧਨ ਇੱਕ ਨਿੱਜੀ ਸੰਸਥਾ ਕੋਲ ਹੋਣ ਕਾਰਨ ਅੱਜ ਵੀ ਨਵੇਂ/ਪੁਰਾਣੇ ਰੰਗਕਰਮੀਆਂ ਦੀ ਇਸ ਮੇਲੇ ਵਿੱਚ ਨਾਟਕ ਪੇਸ਼ ਕਰਨ ਦੀ ਇੱਛਾ ਰਹਿੰਦੀ ਹੈ। ਇਥੇ ਵੀ ਨਾਟ-ਮੁਕਾਬਲਾ ਹੋਣ ਕਰਕੇ ਚੰਗੀਆਂ ਨਾਟ-ਪੇਸ਼ਕਾਰੀਆਂ ਵੇਖਣ ਨੂੰ ਮਿਲ ਜਾਂਦੀਆਂ ਹਨ ਅਤੇ ਇਸ ਤੋਂ ਇਲਾਵਾ ਇੱਥੇ ਸਰਵੋਤਮ ਅਦਾਕਾਰ/ਅਦਾਕਾਰਾ, ਸਰਵੋਤਮ ਨਿਰਦੇਸ਼ਕ/ਨਾਟ-ਸਕਰਪਿਟ, ਸਰਵੋਤਮ ਮੇਕ-ਅੱਪ ਆਦਿ ਵੰਨਗੀਆਂ ਦੇ ਇਨਾਮ ਹੋਣ ਕਾਰਨ ਇਸ ਮੇਲੇ ਵਿੱਚ ਰੰਗਕਰਮੀਆਂ ਦੀ ਦਿਲਚਸਪੀ ਬਣੀ ਹੋਈ ਹੈ। ਇਸ ਮੇਲੇ ਵਿੱਚ ਥੀਏਟਰ ਦੀਆਂ ਹੋਰ ਵੰਨਗੀਆਂ ਨੁੱਕੜ ਨਾਟਕ, ਸਟੈਚੂ, ਮਿਮਿਕਰੀ ਆਦਿ ਦੇ ਮੁਕਾਬਲੇ ਵੀ ਹੁੰਦੇ ਰਹਿੰਦੇ ਹਨ। ਇਸ ਮੇਲੇ ਵਿੱਚੋਂ ਵੀ ਬਹੁਤ ਸਾਰੇ ਨਾਮਵਰ ਰੰਗਕਰਮੀ ਪੈਦਾ ਹੋਏ ਹਨ ਜਿਨ੍ਹਾਂ ਵਿੱਚੋਂ ਪ੍ਰਮੁੱਖ ਹਨ-ਆਤਮਜੀਤ, ਅਜਮੇਰ ਔਲਖ, ਪਾਲੀ ਭੁਪਿੰਦਰ, ਸਵ. ਸਰਬਜੀਤ ਔਲਖ, ਸਵ: ਬੀ ਪੀ ਸਿੰਘ, ਕੀਰਤੀ ਕਿਰਪਾਲ, ਵਿਕਾਸ ਬੱਤਰਾ, ਭੁਪਿੰਦਰ ਉਤਰੇਜਾ ਆਦਿ। ਤੀਸਰਾ ਵੱਡਾ ਨਾਟ-ਮੇਲਾ ਗਦਰੀ ਬਾਬਿਆਂ ਦੀ ਯਾਦ ਵਿੱਚ ਦੇਸ਼ ਭਗਤ ਯਾਦਗਾਰੀ ਹਾਲ ਵਿੱਚ ਜਲੰਧਰ ਵਿਖੇ ਲੱਗਦਾ ਹੈ। ਹਰ ਸਾਲ ਇੱਕ ਨਵੰਬਰ ਦੀ ਸਾਰੀ ਰਾਤ ਇਨਕਲਾਬੀ ਰੰਗਤ ਵਾਲੀਆਂ ਨਾਟ-ਪੇਸ਼ਕਾਰੀਆਂ ਹੁੰਦੀਆਂ ਹਨ। ਇਸ ਮੇਲੇ ਦੀ ਵਿਸ਼ੇਸ਼ਤਾ ਇਹ ਹੈ ਕਿ ਇੱਥੇ ਪੂਰੇ ਪੰਜਾਬ ਦੀਆਂ ਖੱਬੇਪੱਖੀ ਧਿਰਾਂ ਅਤੇ ਉਹਨਾਂ ਦੇ ਆਗੂ ਨਾਟਕ ਵੇਖਣ ਆਉਂਦੇ ਹਨ। ਇਹ ਇਸ ਮੇਲੇ ਵਿੱਚ ਚੰਗੀਆਂ ਨਾਟ-ਪੇਸ਼ਕਾਰੀਆਂ ਦੇ ਸ਼ੋਅ ਸਾਰਾ ਸਾਲ ਪੂਰੇ ਪੰਜਾਬ ਵਿੱਚ ਕਰਵਾਉਂਦੇ ਰਹਿੰਦੇ ਹਨ। ਇਸ ਮੇਲੇ ਵਿੱਚ ਪ੍ਰਮੁੱਖ ਤੌਰ 'ਤੇ ਕੇਵਲ ਧਾਲੀਵਾਲ, ਸਾਹਿਬ ਸਿੰਘ,

ਅਨੀਤਾ ਸ਼ਬਦੀਸ਼, ਇਕੱਤਰ ਸਿੰਘ ਆਪਣੀਆਂ ਨਾਟ-ਪੇਸ਼ਕਾਰੀਆਂ ਕਰਦੇ ਰਹਿੰਦੇ ਹਨ। ਖੱਬੇਪੱਖੀ ਰੰਗਮੰਚ ਦੇ ਪ੍ਰਮੁੱਖ ਵਾਹਕ ਵਜੋਂ ਇਸ ਮੇਲੇ ਦੀ ਵਿਸ਼ੇਸ਼ ਦੇਣ ਹੈ। ਇਸ ਤੋਂ ਇਲਾਵਾ ਕੁਝ ਨਾਟ-ਨਿਰਦੇਸ਼ਕਾਂ ਵੱਲੋਂ ਆਪਣੇ ਨਿੱਜੀ ਯਤਨਾਂ ਨਾਲ ਨਾਟ-ਮੇਲੇ ਸਫਲਤਾ ਪੂਰਵਕ ਕਰਵਾਏ ਜਾ ਰਹੇ ਹਨ। ਇਹਨਾਂ ਵਿੱਚ ਕੇਵਲ ਧਾਲੀਵਾਲ ਦੇ ਥੀਏਟਰ ਗਰੁੱਪ 'ਮੰਚ ਰੰਗਮੰਚ' ਵੱਲੋਂ ਅੰਮ੍ਰਿਤਸਰ (ਵਿਰਸਾ ਵਿਹਾਰ) ਵਿੱਚ ਲਗਾਤਾਰ ਹਰ ਸਾਲ ਦੋ ਜਾਂ ਤਿੰਨ ਨਾਟ-ਮੇਲੇ ਕਰਵਾਏ ਜਾਂਦੇ ਹਨ ਜਿਨ੍ਹਾਂ ਵਿੱਚ ਜਿਆਦਾਤਰ ਕਲਾਸੀਕਲ ਨਾਟਕਾਂ ਦੀ ਪੇਸ਼ਕਾਰੀਆਂ ਕੀਤੀਆਂ ਜਾਂਦੀਆਂ ਹਨ ਅਤੇ ਨੈਸ਼ਨਲ ਸਕੂਲ ਆਫ਼ ਡਰਾਮਾ ਦੀ ਪਾਸ ਆਊਟ ਫ਼ੈਕਲਟੀ ਵੀ ਕਦੇ-ਕਦੇ ਯੋਗਦਾਨ ਪਾਉਂਦੀ ਰਹਿੰਦੀ ਹੈ। ਕੇਵਲ ਧਾਲੀਵਾਲ ਨੇ ਇਸ ਮੇਲੇ ਦੀ ਨਿਰੰਤਰਤਾ ਪਿਛਲੇ ਲੰਮੇ ਸਮੇਂ ਤੋਂ ਬਣਾਈ ਹੋਈ ਹੈ। ਪ੍ਰੰਤੂ ਅਜਿਹੇ ਕਲਾਸੀਕਲ ਨਾਟਕ ਪੰਜਾਬ ਦੇ ਬਾਕੀ ਪਿੰਡਾਂ/ਸ਼ਹਿਰਾਂ (ਇੱਕ ਦੋ ਸ਼ਹਿਰਾਂ ਨੂੰ ਛੱਡ ਕੇ) ਵਿੱਚ ਯੋਗ ਮੰਚ ਅਤੇ ਪ੍ਰਬੰਧਕ ਨਾ ਹੋਣ ਕਰਕੇ ਨਹੀਂ ਹੋ ਪਾਉਂਦੇ। ਕੇਵਲ ਧਾਲੀਵਾਲ ਦੀਆਂ ਚੰਗੀਆਂ ਨਾਟ-ਪੇਸ਼ਕਾਰੀਆਂ ਪੰਜਾਬ ਵਿੱਚ ਕੇਵਲ ਅੰਮ੍ਰਿਤਸਰ ਅਤੇ ਚੰਡਗੜ੍ਹ ਹੀ ਹੁੰਦੀਆਂ ਹਨ। ਪਿਛਲੇ ਦਸ-ਬਾਰਾਂ ਸਾਲਾਂ ਤੋਂ ਥੀਏਟਰ ਗਰੁੱਪ 'ਨਾਟਿਅਮ ਪੰਜਾਬ' ਵੱਲੋਂ ਕੀਰਤੀ ਕਿਰਪਾਲ ਦੇ ਯਤਨਾਂ ਸਦਕਾ ਨੈਸ਼ਨਲ ਥੀਏਟਰ ਫ਼ੈਸਟੀਵਲ ਬਠਿੰਡੇ ਵਿਖੇ ਲਗਾਤਾਰ ਹੋ ਰਿਹਾ ਹੈ। ਇਹ ਮੇਲਾ ਦਸ ਦਿਨ ਦਾ ਹੁੰਦਾ ਹੈ ਅਤੇ ਇਸ ਵਿੱਚ ਉੱਤਰੀ ਭਾਰਤ ਦੇ ਬਾਕੀ ਰਾਜਾਂ ਤੋਂ ਬਹੁਤ ਵਧੀਆਂ ਨਾਟ-ਪੇਸ਼ਕਾਰੀਆਂ ਕਰਵਾਈਆਂ ਜਾ ਰਹੀਆਂ ਹਨ। ਸਮਕਾਲ ਵਿੱਚ ਇਹ ਇੱਕ ਅਜਿਹਾ ਨਾਟ-ਮੇਲਾ ਹੈ ਜਿੱਥੇ ਪੰਜਾਬੀ ਦੋ ਤਿੰਨ ਚੰਗੇ ਨਾਟਕ ਪੇਸ਼ ਹੁੰਦੇ ਹਨ ਅਤੇ ਬਾਕੀ ਨਾਟਕ ਬਹੁਤੇ ਹਿੰਦੀ ਭਾਸ਼ਾ ਵਿੱਚ ਹੁੰਦੇ ਹਨ। ਇਸ ਮੇਲੇ ਦੀ ਵਿਸ਼ੇਸ਼ਤਾ ਇਹ ਹੈ ਕਿ ਪੰਜਾਬ ਦੇ ਰੰਗਕਰਮੀਆਂ ਨੂੰ ਦੂਜੇ ਰਾਜਾਂ ਦੀਆਂ ਚੰਗੀਆਂ ਪੇਸ਼ਕਾਰੀਆਂ ਵੇਖਣ ਨੂੰ ਮਿਲਦੀਆਂ ਹਨ। ਇਸ ਕਰਕੇ ਕਲਾਤਮਕ ਅਦਾਨ-ਪ੍ਰਦਾਨ ਵੀ ਪੰਜਾਬੀ ਰੰਗਮੰਚ ਵਿੱਚ ਗੁਣਵੱਤਾ ਲਿਆਉਣ ਵਿੱਚ ਸਹਾਈ ਹੋ ਰਿਹਾ ਹੈ। ਪਿਛਲੇ ਕੁੱਝ ਸਮੇਂ ਤੋਂ ਇਹ ਫ਼ੈਸਟੀਵਲ 15 ਦਿਨਾਂ ਦਾ ਹੋ ਗਿਆ ਹੈ। ਅਨੀਤਾ ਸ਼ਬਦੀਸ਼ ਦੇ ਯਤਨਾਂ ਸਦਕਾ ਪਿਛਲੇ ਕਈ ਸਾਲਾਂ ਤੋਂ ਸੁਚੇਤਕ ਰੰਗਮੰਚ ਮੁਹਾਲੀ ਵੱਲੋਂ ਗੁਰਸ਼ਰਨ ਸਿੰਘ ਦੀ ਯਾਦ ਵਿੱਚ ਨਾਟ-ਮੇਲਾ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਵਿੱਚ ਗੁਰਸ਼ਰਨ ਸਿੰਘ ਦੇ ਨਾਟਕਾਂ ਤੋਂ ਇਲਾਵਾ ਇਕ–ਦੋ ਟੀਮਾਂ ਹੋਰ ਵੀ ਚੰਗੇ ਨਾਟਕ ਪੇਸ਼ ਕਰਦੀਆਂ ਹਨ ਜਿਨ੍ਹਾਂ ਵਿੱਚ ਕੇਵਲ ਧਾਲੀਵਾਲ ਅਤੇ ਡਾ. ਲੱਖਾ ਲਹਿਰੀ ਪ੍ਰਮੁੱਖ ਹਨ। ਇਹ ਨਾਟਕ ਵੀ ਕੇਵਲ ਚੰਡੀਗੜ੍ਹ ਤੱਕ ਹੀ ਸੀਮਤ ਰਹਿ ਜਾਂਦੇ ਹਨ। ਡਾ. ਲੱਖਾ ਲਹਿਰੀ ਦੀ ਨਿਰਦੇਸ਼ਣਾ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ 'ਸਾਰਥਕ ਰੰਗਮੰਚ' ਪਟਿਆਲਾ ਵੱਲੋਂ ਸੱਤ ਦਿਨ ਦਾ ਨਾਟ-ਮੇਲਾ ਕਰਵਾਇਆ ਜਾਂਦਾ ਹੈ ਜਿਸ ਵਿੱਚ ਬਹੁਤੇ ਨਾਟਕ ਡਾ. ਲੱਖਾ ਲਹਿਰੀ ਵੱਲੋਂ ਲਿਖੇ/ਨਿਰਦੇਸ਼ਤ ਹੁੰਦੇ ਹਨ। ਇਸ ਨਾਟ-ਮੇਲੇ ਵਿੱਚ ਵੀ ਚੰਗੇ ਨਾਟਕ ਵੇਖਣ ਨੂੰ ਮਿਲਦੇ ਹਨ। ਡਾ. ਲੱਖਾ ਲਹਿਰੀ ਪੰਜਾਬੀ ਸਾਹਿਤ ਦੀਆਂ ਚੰਗੀਆਂ ਕਹਾਣੀਆਂ ਜਾਂ ਨਾਵਲਾਂ 'ਤੇ ਆਧਾਰਤ ਨਾਟਕ ਖੇਡਦੇ ਹਨ ਜੋ ਕਿ ਸੰਕਲਪ

ਪੱਖੋਂ ਵੀ ਬਹੁਤ ਖ਼ੂਬਸੂਰਤ ਹੁੰਦੇ ਹਨ। ਇਸ ਤੋਂ ਇਲਾਵਾ ਨਟਰੰਗ ਥੀਏਟਰ ਗਰੁੱਪ ਅਬੋਹਰ ਵੱਲੋਂ ਭੁਪਿੰਦਰ ਉਤਰੇਜਾ/ਹਨੀ ਉਤਰੇਜਾ ਦੇ ਯਤਨਾਂ ਸਦਕਾ ਸਮੇਂ-ਸਮੇਂ ’ਤੇ ਨਾਟ-ਮੇਲੇ ਅਬੋਹਰ ਵਿੱਚ ਕੀਤੇ ਜਾਂਦੇ ਹਨ। ਪੰਜਾਬੀ ਰੰਗਮੰਚ ਵਿੱਚ ਇਹ ਕੁਝ ਕੁ ਸਰਕਾਰੀ ਜਾਂ ਗ਼ੈਰ-ਸਰਕਾਰੀ ਨਾਟ-ਮੇਲੇ ਹੁੰਦੇ ਹਨ ਜਿੱਥੇ ਚੰਗਾ ਅਤੇ ਗੁਣਾਤਮਕ ਥੀਏਟਰ ਵੇਖਣ ਨੂੰ ਮਿਲਦਾ ਹੈ।

ਨਿੱਜੀ ਸੰਸਥਾਵਾਂ, ਕਲੱਬਾਂ ਜਾਂ ਗ੍ਰਾਮ ਪੰਚਾਇਤਾਂ ਵੱਲੋਂ ਪੰਜਾਬ ਦੇ ਪਿੰਡਾਂ/ਸ਼ਹਿਰਾਂ ਵਿੱਚ ਨਾਟਕ ਕਰਵਾਉਣ ਦੀ ਪਰੰਪਰਾ ਬੜੀ ਲੰਮੀ ਰਹੀ ਹੈ। ਇਹਨਾਂ ਵਿੱਚ ਆਮ ਤੌਰ ’ਤੇ ਇਕ ਰੋਜ਼ਾ ਨਾਟ-ਮੇਲਾ ਹੀ ਕਰਵਾਇਆ ਜਾਂਦਾ ਰਿਹਾ ਹੈ ਜਿਸ ਵਿੱਚ ਰਾਤ ਨੂੰ ਇੱਕ ਜਾਂ ਦੋ ਨਾਟਕ ਅਤੇ ਕੋਰੀਓਗ੍ਰਾਫੀ ਵਗੈਰਾ ਕਰਵਾਈ ਜਾਂਦੀ ਸੀ। ਇੱਥੇ ਪ੍ਰਬੰਧਕ ਆਪਣੀ ਆਰਥਿਕ ਸਥਿਤੀ ਅਨੁਸਾਰ ਆਪਣੇ ਨੇੜੇ ਜਾਂ ਦੂਰੋਂ ਕਿਸੇ ਨਾਟ-ਮੰਡਲੀ ਨੂੰ ਸੱਦ ਕੇ ਨਾਟਕ ਕਰਵਾ ਦਿੰਦੇ ਸਨ। ਪ੍ਰੰਤੂ ਇਹਨਾਂ ਮੇਲਿਆਂ ਦੀਆਂ ਕੁਝ ਸੀਮਾਵਾਂ ਸਨ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਪ੍ਰਬੰਧਕਾਂ ਦੇ ਹਿੱਤ ਥੀਏਟਰ ਦੀ ਬਜਾਇ ਰਾਜਨੀਤਕ ਜਾਂ ਨਿੱਜੀ ਹੁੰਦੇ ਸਨ ਜਿਸਦਾ ਪ੍ਰਭਾਵ ਨਾਟਕ ਦੀ ਗੁਣਵੱਤਾ ’ਤੇ ਪੈ ਜਾਂਦਾ ਸੀ। ਨਾਟਕ ਦੀ ਸਮਝ ਰੱਖਣ ਵਾਲੇ ਕੁਸ਼ਲ ਪ੍ਰਬੰਧਕਾਂ ਦੀ ਘਾਟ ਕਾਰਨ ਯੋਗ ਸਟੇਜ ਅਤੇ ਸਾਊਂਡ ਮੁਹੱਈਆ ਨਹੀਂ ਹੋ ਪਾਉਂਦਾ ਸੀ ਅਤੇ ਦੂਜੇ ਪਾਸੇ ਇਹ ਪ੍ਰੋਗਰਾਮ ਇੱਕ ਮੇਲੇ ਦਾ ਰੂਪ ਧਾਰਨ ਕਰ ਜਾਂਦੇ ਸਨ ਜਿਸ ਵਿੱਚ ਹਰ ਵਰਗ ਦਾ ਦਰਸ਼ਕ ਹੁੰਦਾ ਸੀ ਅਤੇ ਇਹਨਾਂ ਵਿੱਚੋਂ ਕਈ ਵਾਰੀ ਬਹੁਤਿਆਂ ਦਾ ਸਰੋਕਾਰ ਗਾਇਕੀ ਜਾਂ ਨ੍ਰਿਤ ਨਾਲ ਹੁੰਦਾ ਸੀ। ਇਹ ਕੁਝ ਔਕੜਾਂ ਰਹੀਆਂ ਜਿਨ੍ਹਾਂ ਕਰਕੇ ਨਾਟਕ ਆਪਣੇ ਮੁਕੰਮਲ ਰੂਪ ਵਿੱਚ ਦਰਸ਼ਕਾਂ ਤੱਕ ਸੰਚਾਰਤ ਹੋਣ ਤੋਂ ਊਣਾ ਰਹਿ ਜਾਂਦਾ ਸੀ। ਗੁਰਸ਼ਰਨ ਸਿੰਘ ਦਾ ਬਹੁਤਾ ਰੰਗਮੰਚ ਇਹਨਾਂ ਮੇਲਿਆਂ ਨਾਲ ਹੀ ਸੰਬੰਧਤ ਰਿਹਾ ਹੈ । ਇਸ ਦਾ ਕਾਰਨ ਡਾ. ਜਗਦੀਪ ਸੰਧੂ ਦੇ ਲੇਖ ‘ਨਾਟਕ ਦੀ ਸੰਚਾਰ ਵਿਧੀ: ਪੰਜਾਬੀ ਰੰਗਮੰਚ ਦੇ ਸੰਦਰਭ ਵਿੱਚ’ ਉਸ ਦੀ ਟਿੱਪਣੀ ਤੋਂ ਸਪੱਸ਼ਟ ਹੋ ਜਾਂਦਾ ਹੈ, ਜਿਸ ਵਿੱਚ ਕਿਹਾ ਹੈ ਕਿ “ਪੰਜਾਬੀ ਵਿੱਚ ਗੁਰਸ਼ਰਨ ਸਿੰਘ ਦਾ ਰੰਗਮੰਚ ਬੇਹੱਦ ਸਾਧਾਰਨ ਸ਼ੈਲੀ ਵਾਲਾ ਹੈ ਜੋ ਕਿ ਤਕਨੀਕੀ ਚੱਕਰਵਿਊ ਤੋਂ ਪੂਰੀ ਤਰਾਂ ਨਿਰਲੇਪ ਹੈ। ਅਸਲ ਵਿੱਚ ਉਹਨਾਂ ਦੇ ਰੰਗਮੰਚ ਦਾ ਲੋਕਾਂ ਵਿੱਚ ਹਰਮਨ ਪਿਆਰਾ ਹੋਣ ਦਾ ਪਮੁੱਖ ਕਾਰਨ ਹੀ ਉਹਨਾਂ ਦੀ ਸੰਚਾਰ ਜੁਗਤ ਹੈ।”[1] ਇਸ ਕਰਕੇ ਗੁਰਸ਼ਰਨ ਸਿੰਘ ਵਰਗੇ ਅਨੁਭਵੀ ਰੰਗਕਰਮੀਆਂ ਕਰਕੇ ਇਹਨਾਂ ਮੇਲਿਆਂ ਰਾਹੀਂ ਨਾਟਕ ਆਮ ਲੋਕਾਂ ਤੱਕ ਪਹੁੰਚਦਾ ਰਿਹਾ ਅਤੇ ਇਹ ਮੇਲੇ ਪੂਰਾ ਸਾਲ ਲਗਾਤਾਰ ਹੁੰਦੇ ਰਹਿੰਦੇ ਸਨ। ਰੰਗਕਰਮੀਆਂ ਦੀ ਆਰਥਿਕ ਮੱਦਦ ਕਰਨ ਵਿੱਚ ਵੀ ਇਹਨਾਂ ਮੇਲਿਆਂ ਦੀ ਵੱਡੀ ਭੂਮਿਕਾ ਰਹੀ ਹੈ ਕਿਉਂਕਿ ਇਹ ਲਗਾਤਾਰ ਹੁੰਦੇ ਰਹਿੰਦੇ ਸਨ ਜਿਸ ਕਾਰਨ ਰੰਗਕਰਮੀਆਂ ਨੂੰ ਲਗਾਤਾਰ ਕੰਮ ਮਿਲਦਾ ਰਹਿੰਦਾ ਸੀ ਅਤੇ ਉਹ ਰੰਗਮੰਚ ਵਿੱਚ ਵੀ ਲਗਾਤਾਰਤਾ ਬਣਾਈ ਰੱਖਦੇ ਸਨ। ਹੌਲੀ-ਹੌਲੀ ਇਹ ਮੇਲੇ ਵੀ ਘੱਟਣ ਲੱਗ ਪਏ ਜਿਸ ਦਾ ਪ੍ਰਮੁੱਖ ਕਾਰਨ ਪ੍ਰਬੰਧਕਾਂ ਦੇ ਆਪਣੇ

ਨਿੱਜੀ ਹਿੱਤਾਂ ਕਾਰਨ ਆਪਸੀ ਲੜਾਈ-ਝਗੜੇ, ਲੋਕਾਂ ਦਾ ਸੋਸ਼ਲ ਮੀਡੀਆ ਦੇ ਹੋਰ ਸਾਧਨਾਂ ਨਾਲ ਜੁੜਨਾ ਅਤੇ ਪ੍ਰਵਾਸ ਹਨ। ਇਹਨਾਂ ਮੇਲਿਆਂ ਵਿੱਚ ਆਰਥਿਕ ਮੱਦਦ ਕਰਨ ਵਾਲੇ ਬਹੁਤੇ ਵਿਦੇਸ਼ਾਂ ਵਿੱਚ ਚਲੇ ਗਏ ਹਨ ਜਿਸ ਕਰਕੇ ਪ੍ਰਬੰਧਕ ਆਰਥਿਕ ਜੋਖਮ ਤੋਂ ਡਰਦੇ ਵੀ ਆਪਣੀ ਦਿਲਚਸਪੀ ਛੱਡਣ ਲੱਗੇ। ਅਜਿਹੇ ਮੇਲਿਆਂ ਵਿੱਚ ਬਹੁਤਾ ਰੰਗਮੰਚ ਖੱਬੇਪੱਖੀ ਧਿਰਾਂ ਵੱਲੋਂ ਕਰਵਾਇਆ ਜਾਂਦਾ ਸੀ। ਪੂੰਜੀਵਾਦ ਦੇ ਪ੍ਰਭਾਵ ਵਿੱਚ ਖੱਬੇਪੱਖੀ ਧਿਰਾਂ ਦਾ ਆਧਾਰ ਪਿੰਡਾਂ/ਸ਼ਹਿਰਾਂ ਵਿੱਚੋਂ ਲਗਭਗ ਖ਼ਤਮ ਹੋਣ ਕਿਨਾਰੇ ਹੈ। ਇਹ ਇੱਕ ਬਹੁਤ ਵੱਡਾ ਸੰਕਟ ਹੈ ਜਿਸ ਨੇ ਪੰਜਾਬੀ ਰੰਗਮੰਚ ਨੂੰ ਢਾਅ ਲਾਈ ਹੈ। ਕਰੋਨਾ ਕਾਲ ਤੋਂ ਬਾਅਦ ਤਾਂ ਲੋਕਾਂ ਦੀ ਅਲੱਗ-ਥਲੱਗ ਹੋ ਚੁੱਕੀ ਜੀਵਨ ਸ਼ੈਲੀ ਨੇ ਇਹਨਾਂ ਮੇਲਿਆਂ ਦਾ ਭੋਗ ਹੀ ਪਾ ਦਿੱਤਾ ਹੈ। ਅੱਜ ਦੀ ਸਥਿਤੀ ਇਹ ਹੈ ਹੁਣ ਪੂਰੇ ਪੰਜਾਬ ਵਿੱਚੋਂ ਸਾਰੇ ਸਾਲ ਵਿੱਚ ਅਜਿਹੇ ਦਸ ਨਾਟ-ਮੇਲੇ ਵੀ ਨਹੀਂ ਹੁੰਦੇ।

ਪੰਜਾਬੀ ਥੀਏਟਰ ਵਿੱਚ ਬਹੁਤੇ ਨਿਪੁੰਨ ਰੰਗਕਰਮੀ ਕਾਲਜਾਂ/ਯੂਨੀਵਰਸਿਟੀਆਂ ਦੇ ਯੁਵਕ ਮੇਲਿਆਂ ਵਿੱਚੋਂ ਨਿਕਲੇ ਹਨ। ਇਹਨਾਂ ਮੇਲਿਆਂ ਦੀ ਪੰਜਾਬੀ ਰੰਗਮੰਚ ਵਿੱਚ ਪਿਛਲੇ ਚਾਲੀ-ਪੰਜਾਹ ਸਾਲਾਂ ਤੋਂ ਬਹੁਤ ਵੱਡੀ ਭੂਮਿਕਾ ਰਹੀ ਹੈ। ਕਿਉਂਕਿ ਇਹਨਾਂ ਮੇਲਿਆਂ ਵਿੱਚ ਕਾਲਜਾਂ ਦੇ ਆਪਸੀ ਮੁਕਾਬਲੇ ਹੁੰਦੇ ਸਨ ਜਿਸ ਕਰਕੇ ਗੁਣਵੱਤਾ ਭਰੂਪਰ ਪੇਸ਼ਕਾਰੀਆਂ ਹੁੰਦੀਆਂ ਸਨ। ਨਾਟਕ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਦੀ ਇੱਛਾ ਨੇ ਪ੍ਰੋਫ਼ੈਸ਼ਨਲ ਨਿਰਦੇਸ਼ਕ ਅਤੇ ਵੰਨ-ਸੁਵੰਨਤਾ ਭਰੂਪਰ ਚੰਗੀਆਂ ਨਾਟ-ਸਕਰਿਪਟਾਂ ਪੰਜਾਬੀ ਰੰਗਮੰਚ ਦੀ ਝੋਲੀ ਪਾਈਆਂ। ਇਹਨਾਂ ਮੇਲਿਆਂ ਵਿੱਚੋਂ ਵੱਡੇ-ਵੱਡੇ ਨਾਟਕਕਾਰ ਅਤੇ ਅਦਾਕਾਰ ਵੀ ਪੈਦਾ ਹੋਏ। ਇਹੀ ਅਦਾਕਾਰ ਬਾਅਦ ਵਿੱਚ ਜਾ ਕੇ ਪ੍ਰੋਫ਼ੈਸ਼ਨਲ ਰੰਗਕਰਮੀ ਬਣੇ। ਇਹ ਪ੍ਰਕਿਰਿਆ ਨਿਰੰਤਰ ਚੱਲ ਰਹੀ ਹੈ ਜਿਸ ਕਰਕੇ ਪੰਜਾਬੀ ਰੰਗਮੰਚ ਨੂੰ ਲਗਾਤਾਰ ਹੁਲਾਰਾ ਮਿਲ ਰਿਹਾ ਹੈ। ਸਮਕਾਲ ਵਿੱਚ ਕੰਮ ਕਰ ਰਹੇ ਬਹੁਤੇ ਰੰਗਕਰਮੀ ਇਹਨਾਂ ਨਾਟ-ਮੇਲਿਆਂ ਦੀ ਹੀ ਪੈਦਾਵਾਰ ਹਨ ਜਿਨ੍ਹਾਂ ਵਿੱਚੋਂ ਪ੍ਰਮੁੱਖ ਹਨ- ਆਤਮਜੀਤ, ਪਾਲੀ ਭੁਪਿੰਦਰ ਸਿੰਘ, ਕੇਵਲ ਧਾਲੀਵਾਲ, ਦਵਿੰਦਰ ਦਮਨ, ਕੀਰਤੀ ਕਿਰਪਾਲ, ਸੋਮਪਾਲ ਹੀਰਾ, ਸੁੱਖੀ ਪਾਤੜਾਂ, ਲੱਖਾ ਲਹਿਰੀ, ਅਨੀਤਾ ਸਬਦੀਸ਼, ਸੰਗੀਤਾ ਗੁਪਤਾ, ਬਲਰਾਜ ਸਾਗਰ, ਕੁਲਦੀਪ ਦੀਪ,ਰਜਿੰਦਰ ਰਾਜਾ, ਜਗਦੀਸ਼ ਖੰਨਾ, ਦਿਲਪ੍ਰੀਤ ਚੌਹਾਨ, ਸਵਾਮੀ ਸਰਬਜੀਤ ਆਦਿ। ਅਸਲ ਵਿੱਚ ਇਹਨਾਂ ਮੇਲਿਆਂ ਦੀ ਲਗਾਤਾਰਤਾ ਬਣੀ ਰਹਿਣ ਦੇ ਦੋ ਵੱਡੇ ਕਾਰਨ ਹਨ। ਪਹਿਲਾਂ ਕਾਰਨ ਤਾਂ ਇਹ ਹੈ ਕਿ ਪੈਸਾ ਕਾਲਜ ਵੱਲੋਂ ਖ਼ਰਚਿਆ ਜਾਂਦਾ ਹੈ ਅਤੇ ਕਾਲਜਾਂ ਕੋਲ ਵਿੱਤੀ ਸਾਧਨ ਲਗਾਤਾਰ ਕਾਇਮ ਰਹਿੰਦੇ ਹਨ। ਦੂਜਾ ਵੱਡਾ ਕਾਰਨ ਇਹ ਹੈ ਕਿ ਕਾਲਜ ਵਿੱਚੋਂ ਜਨੂੰਨੀ ਅਤੇ ਪੜ੍ਹੇ-ਲਿਖੇ ਅਦਾਕਾਰ ਮਿਲ ਜਾਂਦੇ ਹਨ ਜੋ ਪੂਰੀ ਸ਼ਿੱਦਤ ਅਤੇ ਈਮਾਨਦਾਰੀ ਨਾਲ ਅਦਾਕਾਰੀ ਵਿੱਚ ਭਾਗ ਲੈਂਦੇ ਹਨ। ਅਦਾਕਾਰਾਂ ਦਾ ਇਹ ਉਹ ਸ਼ੁਰੂਆਤੀ ਦੌਰ ਹੁੰਦਾ ਹੈ ਜਦੋਂ ਉਹ ਸੁਪਨਮਈ ਦੁਨੀਆਂ ਵਿੱਚ ਹੁੰਦੇ ਹਨ ਅਤੇ ਆਪਣਾ ਭਵਿੱਖ ਰੰਗਮੰਚ ਵਿੱਚੋਂ ਵੀ ਵੇਖ

ਰਹੇ ਹੁੰਦੇ ਹਨ। ਬਹੁਤੇ ਕਲਾਕਾਰ ਹੌਲੀ-ਹੌਲੀ ਆਪਣੀ ਪੜ੍ਹਾਈ ਖ਼ਤਮ ਹੋਣ ਤੋਂ ਬਾਅਦ ਕਬੀਲਦਾਰੀ ਦੇ ਚੱਕਰ ਵਿੱਚ ਰੰਗਮੰਚ ਛੱਡ ਜਾਂਦੇ ਹਨ, ਪ੍ਰੰਤੂ ਕਈ ਬਾਅਦ ਵਿੱਚ ਪ੍ਰੋਫ਼ੈਸ਼ਨਲੀ ਇਸ ਖੇਤਰ ਵਿੱਚ ਆ ਜਾਂਦੇ ਹਨ ਅਤੇ ਕਈ ਕੋਈ ਨਾ ਕੋਈ ਨੌਕਰੀ ਪ੍ਰਾਪਤ ਕਰਕੇ ਨਾਲ-ਨਾਲ ਰੰਗਮੰਚ ਕਰਦੇ ਰਹਿੰਦੇ ਹਨ। ਸੋ ਕਾਲਜਾਂ ਦੇ ਇਹ ਮੇਲੇ ਰੰਗਕਰਮੀਆਂ ਦੀ ਪਨੀਰੀ ਤਿਆਰ ਕਰਨ ਦਾ ਕੰਮ ਕਰਦੇ ਹਨ। ਵਰਤਮਾਨ ਵਿੱਚ ਪ੍ਰਵਾਸ ਵੱਲ ਰੁਝਾਣ ਵਧਣ ਅਤੇ ਸਿੱਖਿਆ ਦੇ ਖੇਤਰ ਵਿੱਚ ਵਿਦਿਆਰਥੀਆਂ ਨੂੰ ਆਪਣਾ ਭਵਿੱਖ ਨਜ਼ਰ ਨਾ ਆਉਣ ਕਰਕੇ ਕਾਲਜਾਂ ਵਿੱਚ ਦਾਖ਼ਲਿਆਂ ਦੀ ਗਿਣਤੀ ਵੱਡੀ ਮਾਤਰਾ ਵਿੱਚ ਘਟੀ ਹੈ। ਸਿੱਟੇ ਵਜੋਂ ਕਾਲਜ ਆਰਥਿਕ ਸੰਕਟ ਦਾ ਵੀ ਸਾਹਮਣਾ ਕਰਨ ਲੱਗੇ ਹਨ ਜਿਸ ਕਰਕੇ ਨਾਟਕ ਲਈ ਬਜਟ ਦੀ ਘਾਟ ਪੈਦਾ ਹੋ ਜਾਂਦੀ ਹੈ। ਇਸ ਸਥਿਤੀ ਨੇ ਥੋੜਾ ਬਹੁਤ ਪ੍ਰਤੀਕੂਲ ਅਸਰ ਤਾਂ ਪਾਇਆ ਹੈ ਪ੍ਰੰਤੂ ਫਿਰ ਵੀ ਇਹੀ ਇੱਕ ਮੰਚ ਹੈ ਜਿੱਥੋਂ ਨਵੇਂ ਰੰਗਕਰਮੀਆਂ ਦੇ ਪੈਦਾ ਹੋਣ ਦੀ ਆਸ ਅਜੇ ਵੀ ਬੱਝਦੀ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਵੀ ਸਕੂਲਾਂ ਦੇ ਨਾਟ-ਮੁਕਾਬਲੇ ਜ਼ਿਲ੍ਹਾ ਪੱਧਰ ਤੋਂ ਲੈ ਕੇ ਰਾਜ-ਪੱਧਰ ਤੱਕ ਕਰਵਾਏ ਜਾਂਦੇ ਸਨ। ਇਹ ਵਿਦਿਆਰਥੀਆਂ ਲਈ ਇੱਕ ਬਹੁਤ ਵਧੀਆ ਮੰਚ ਸੀ ਜਿੱਥੇ ਵਿਦਿਆਰਥੀਆਂ ਅੰਦਰ ਰੰਗਮੰਚ ਦੀ ਚੇਟਕ ਲਾਈ ਜਾਂਦੀ ਸੀ। ਇਹ ਹੀ ਵਿਦਿਆਰਥੀ ਬਾਅਦ ਵਿੱਚ ਜਾ ਕੇ ਕਾਲਜਾਂ ਦੇ ਮੁਕਾਬਲਿਆਂ ਵਿੱਚ ਭਾਗ ਲੈਂਦੇ ਸਨ। ਪ੍ਰੰਤੂ ਇਹਨਾਂ ਮੁਕਾਬਲਿਆਂ ਦੀਆਂ ਕੁਝ ਸੀਮਾਵਾਂ ਸਨ। ਸਭ ਤੋਂ ਪਹਿਲੀ ਸਮੱਸਿਆ ਤਾਂ ਇਹ ਸੀ ਕਿ ਉਹਨਾਂ ਸਕੂਲਾਂ ਵਿੱਚ ਹੀ ਨਾਟਕ ਤਿਆਰ ਹੋ ਸਕਦਾ ਸੀ ਜਿੱਥੇ ਕੋਈ ਅਧਿਆਪਕ ਰੰਗਮੰਚ ਦੀ ਸੂਝ ਰੱਖਦਾ ਸੀ ਕਿਉਂਕਿ ਨਾਟਕ ਤਿਆਰ ਕਰਵਾਉਣ ਲਈ ਅਨੁਭਵੀ ਰੰਗਕਰਮੀ ਦੀ ਲੋੜ ਪੈਂਦੀ ਹੈ। ਦੂਜੀ ਸਮੱਸਿਆ ਆਰਥਿਕਤਾ ਨਾਲ ਜੁੜੀ ਹੋਈ ਸੀ। ਸਕੂਲ ਵਿੱਚ ਨਾਟਕ ਜਾਂ ਅਜਿਹੀਆਂ ਗਤੀਵਿਧੀਆਂ ਤਿਆਰ ਕਰਵਾਉਣ ਲਈ ਕੋਈ ਬਜਟ ਦੀ ਵਿਵਸਥਾ ਨਹੀਂ ਹੁੰਦੀ। ਅਧਿਆਪਕ ਆਪਣੀ ਜੇਬ ਵਿੱਚੋਂ ਜਾਂ ਕੁਝ ਹੋਰ ਇਧਰੋਂ-ਓਧਰੋਂ ਸਾਧਨ ਜੁਟਾ ਕੇ ਹੀ ਨਾਟਕ ਤਿਆਰ ਕਰਵਾਉਂਦਾ ਸੀ। ਤੀਜੀ ਸਮੱਸਿਆ ਇਹ ਵੀ ਸੀ ਸਿੱਖਿਆ ਵਿਭਾਗ ਵੱਲੋਂ ਅਜਿਹੀਆਂ ਗਤੀਵਿਧੀਆਂ ਲਈ ਪਾਠਕ੍ਰਮ ਵਿੱਚ ਕੋਈ ਯੋਗ ਅਹਿਮੀਅਤ ਨਹੀਂ ਦਿੱਤੀ ਗਈ ਅਤੇ ਨਾ ਹੀ ਸਭਿਆਚਾਰਕ ਗਤੀਵਿਧੀਆਂ ਲਈ ਕੋਈ ਸਰਕਾਰੀ ਪੱਧਰ 'ਤੇ ਰਾਖਵੇਂਕਰਨ ਦੀ ਨੀਤੀ ਹੈ। ਪ੍ਰੰਤੂ ਫੇਰ ਵੀ ਕੁਝ ਜਨੂੰਨੀ ਰੰਗਕਰਮੀ ਅਧਿਆਪਕ ਆਪਣੀ ਹਿੰਮਤ ਨਾਲ ਇਹਨਾਂ ਨਾਟ-ਮੁਕਾਬਲਿਆਂ ਵਿੱਚ ਚੰਗੇ ਨਾਟਕ ਪੇਸ਼ ਕਰਦੇ ਰਹੇ ਹਨ। ਪਹਿਲਾਂ ਇਹ ਮੁਕਾਬਲਾ ਜ਼ਿਲ੍ਹਾ, ਫਿਰ ਜ਼ੋਨ ਪੱਧਰ ਅਤੇ ਅੰਤ 'ਤੇ ਰਾਜ ਪੱਧਰ 'ਤੇ ਹੁੰਦਾ ਸੀ। ਵਰਤਮਾਨ ਦੌਰ ਵਿੱਚ ਸਿੱਖਿਆ ਵਿਭਾਗ ਦੀਆਂ ਨੀਤੀਆਂ ਪੂਰੀ ਤਰਾਂ ਅਕਾਦਮਿਕ ਗਤੀਵਿਧੀਆਂ 'ਤੇ ਹੀ ਆਧਾਰਤ ਹੋ ਜਾਣ ਕਰਕੇ ਅਜਿਹੀਆਂ ਗਤੀਵਿਧੀਆਂ ਨੂੰ ਕੋਈ ਵੀ ਸੰਜੀਦਗੀ ਨਾਲ ਤਰਜੀਹ ਨਹੀਂ ਦਿੰਦਾ। ਹੁਣ ਇਹ ਮੁਕਾਬਲੇ ਸਿੱਧੇ ਹੀ ਰਾਜ ਪੱਧਰ 'ਤੇ

ਹੁੰਦੇ ਹਨ ਅਤੇ ਵਿਭਾਗ ਵੱਲੋਂ ਇਹਨਾਂ ਸੰਬੰਧੀ ਕੋਈ ਸੂਚਨਾ ਨਹੀਂ ਦਿੱਤੀ ਜਾਂਦੀ। ਸਾਰ ਤੱਤ ਰੂਪ ਵਿੱਚ ਇਹ ਮੁਕਾਬਲੇ ਲਗਭਗ ਖ਼ਤਮ ਹੋ ਚੁੱਕੇ ਹਨ। ਇਸੇ ਪ੍ਰਕਾਰ ਭਾਸ਼ਾ ਵਿਭਾਗ ਵੱਲੋਂ ਵੀ ਸਕੂਲਾਂ ਦੇ ਨਾਟਕ ਮੁਕਾਬਲੇ ਕਰਵਾਏ ਜਾਂਦੇ ਸਨ। ਇਹ ਮੁਕਾਬਲੇ ਵੀ ਉਕਤ ਕਾਰਨਾਂ ਕਰਕੇ ਹੀ ਖ਼ਤਮ ਹੋ ਗਏ ਹਨ। ਰੰਗਮੰਚ ਦੇ ਵਿਕਾਸ ਲਈ ਬਚਪਨ ਤੋਂ ਹੀ ਚੇਟਕ ਲਾਉਣ ਦੀ ਲੋੜ ਹੁੰਦੀ ਹੈ। ਬਾਲ-ਨਾਟਕ ਦਾ ਸਾਡਾ ਆਪਣਾ ਇੱਕ ਇਤਿਹਾਸ ਹੈ। ਇਸ ਲਈ ਇਹ ਇੱਕ ਗੰਭੀਰ ਚਿੰਤਾ ਵਾਲਾ ਵਿਸ਼ਾ ਹੈ। ਦੋਵੇਂ ਵਿਭਾਗਾਂ ਨੂੰ ਇਹਨਾਂ ਮੁਕਾਬਲਿਆਂ ਬਾਰੇ ਸੰਜੀਦਗੀ ਨਾਲ ਸੋਚਣ ਦੀ ਲੋੜ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਖੱਬੇਪੱਖੀ ਧਿਰਾਂ ਦੀ ਪੰਜਾਬੀ ਰੰਗਮੰਚ ਵਿੱਚ ਬਹੁਤ ਵੱਡੀ ਭੂਮਿਕਾ ਹੈ। ਬੇਸ਼ੱਕ ਇਹਨਾਂ ਧਿਰਾਂ ਦਾ ਮੂਲ ਉਦੇਸ਼ ਆਪਣੀ ਗੱਲ ਕਹਿਣ ਲਈ ਰੰਗਮੰਚ ਇੱਕ ਮਾਧਿਅਮ ਸੀ ਪ੍ਰੰਤੂ ਪੰਜਾਬ ਵਿੱਚ ਵੱਡੀ ਮਾਤਰਾ ਨਾਟਕਾਂ ਦੀਆਂ ਪੇਸ਼ਕਾਰੀਆਂ ਕਰਵਾਉਣ ਵਿੱਚ ਇਹ ਧਿਰਾਂ ਪ੍ਰਮੁੱਖ ਵਾਹਕ ਰਹੀਆਂ ਹਨ। ਅਸੀਂ ਇਹਨਾਂ ਧਿਰਾਂ ਦੇ ਯੋਗਦਾਨ ਬਾਰੇ ਉੱਪਰ ਚਰਚਾ ਕਰ ਚੁੱਕੇ ਹਾਂ। ਸਮੇਂ-ਸਮੇਂ ‘ਤੇ ਪੰਜਾਬ ਦੇ ਮਸਲਿਆਂ ਨਾਲ ਸੰਬੰਧਤ ਕਈ ਲਹਿਰਾਂ ਪੈਦਾ ਹੋਈਆਂ। “ਨਾਟਕ ਸਾਹਿਤ ਦੇ ਇੱਕ ਅਜਿਹੇ ਸ਼ਕਤੀਸ਼ਾਲੀ ਮਾਧਿਅਮ ਵਜੋਂ ਉਭਰਿਆ ਜੋ ਜਨ ਚੇਤਨਾ ਦੇ ਪਾਸਾਰ ਵਿੱਚ ਅਹਿਮ ਭੂਮਿਕਾ ਨਿਭਾਉਣ ਦੀ ਜ਼ਿੰਮੇਵਾਰੀ ਦੀ ਪਾਲਣਾ ਕਰਦਾ ਹੈ।”[2] ਇਸੇ ਕਰਕੇ ਲੋਕਾਂ ਨੂੰ ਇਹਨਾਂ ਲਹਿਰਾਂ ਨਾਲ ਜੋੜਨ ਲਈ ਅਤੇ ਲਹਿਰਾਂ ਨੂੰ ਸਿਖਰ ਤੇ ਲੈ ਕੇ ਜਾਣ ਲਈ ਸਿਆਸੀ ਹਿੱਤਾਂ ਦੀ ਪੂਰਤੀ ਹਿੱਤ ਵੀ ਨਾਟਕਾਂ ਦੀਆਂ ਪੇਸ਼ਕਾਰੀਆਂ ਕਰਵਾਈਆਂ ਜਾਂਦੀਆਂ ਰਹੀਆਂ ਹਨ।ਇਹਨਾਂ ਲਹਿਰਾਂ ਵਿੱਚ ਬਹੁਤੇ ਨਾਟਕ ਨੁੱਕੜ ਸ਼ੈਲੀ ਵਾਲੇ ਹੀ ਹੁੰਦੇ ਹਨ ਜਿਨ੍ਹਾਂ ਵਿੱਚ ਸਮੇਂ, ਸਥਾਨ ਅਤੇ ਉਦੇਸ਼ ਅਨੁਸਾਰ ਸਕਰਿਪਟ ਵਿੱਚ ਬਦਲਾ ਕਰਕੇ ਨਾਟਕ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ। ਨੁੱਕੜ ਨਾਟਕ ਰੰਗਕਰਮੀਆਂ ਲਈ ਆਰਥਿਕ ਤੌਰ ’ਤੇ ਸਹਾਈ ਰਹਿੰਦਾ ਹੈ। ਇਹਨਾਂ ਨਾਟਕਾਂ ਦੀ ਤਿਆਰੀ ਅਤੇ ਆਉਣ-ਜਾਣ ਦੇ ਘੱਟ ਖ਼ਰਚੇ ਕਾਰਨ ਬਜਟ ਵੀ ਘੱਟ ਜਾਂਦਾ ਹੈ ਜਿਸ ਕਰਕੇ ਪ੍ਰਬੰਧਕ ਨੁੱਕੜ ਨਾਟਕ ਕਰਵਾ ਸਕਣ ਦੇ ਸਮਰੱਥ ਹੁੰਦੇ ਹਨ। ਖੇਤੀ ਬਿੱਲਾਂ ਦੇ ਵਿਰੋਧ ਵਿੱਚ ਦਿੱਲੀ ਦੀ ਸਰਹੱਦ ਉੱਤੇ ਹੋਏ ਮਹਾਂ ਅੰਦੋਲਨ ਵਿੱਚ ਨੁੱਕੜ ਨਾਟਕਾਂ ਦੀਆਂ ਬਹੁਤ ਜਿਆਦਾ ਪੇਸ਼ਕਾਰੀਆਂ ਹੋਈਆਂ। ਇਸ ਅੰਦੋਲਨ ਤੋਂ ਬਾਅਦ ਪੰਜਾਬ ਵਿੱਚ ਧਰਨਿਆਂ ਦਾ ਇੱਕ ਦੌਰ ਸ਼ੁਰੂ ਹੋਇਆ ਜਿਸ ਵਿੱਚ ਅਜਿਹੇ ਨਾਟਕ ਕਰਵਾਏ ਜਾਣ ਲੱਗੇ। ਖੱਬੇਪੱਖੀ ਰੰਗਮੰਚ ਪਰੰਪਰਾ ਦੇ ਮੋਢੀ ਨਾਟਕਕਾਰ ਸਫ਼ਦਰ ਹਾਸ਼ਮੀ (ਹਿੰਦੀ) ਅਤੇ ਗੁਰਸ਼ਰਨ ਸਿੰਘ ਰਹੇ ਹਨ ਜਿਨ੍ਹਾਂ ਦੀਆਂ ਰੰਗਮੰਚੀ ਸ਼ੈਲੀਆਂ ਦਾ ਅਨੁਸਰਨ ਭਵਿੱਖ ਵਿੱਚ ਰੰਗਕਰਮੀ ਹੋਰ ਵਿਕਸਤ ਰੂਪ ਵਿੱਚ ਕਰਨ ਲੱਗ ਪਏ। ਅਜਿਹੇ ਨਾਟਕਾਂ ਦੀਆਂ ਪੇਸ਼ਕਾਰੀਆਂ ਭਵਿੱਖ ਵਿੱਚ ਕਿਸੇ ਨਾ ਕਿਸੇ ਚਲੰਤ ਮੁੱਦੇ ਨੂੰ ਲੈ ਕੇ ਹੁੰਦੀਆਂ ਰਹਿਣਗੀਆਂ। ਰੰਗਮੰਚ ਦਾ ਜਨ-ਚੇਤਨਾ ਪੈਦਾ ਕਰਨ ਵਾਲਾ ਮਨਰੋਥ ਸਭ ਤੋਂ ਜਿਆਦਾ ਇਸ ਤਰਾਂ ਦੇ ਰੰਗਮੰਚ ਰਾਹੀਂ ਹੀ ਪੂਰਾ ਹੁੰਦਾ ਹੈ।

ਪੰਜਾਬ ਤੋਂ ਬਾਹਰ ਵੀ ਪੰਜਾਬੀ ਨਾਟਕ ਦੀਆਂ ਪੇਸ਼ਕਾਰੀਆਂ ਭਾਰਤ ਦੇ ਦੂਜੇ ਰਾਜਾਂ ਵਿੱਚ ਹੁੰਦੀਆਂ ਰਹਿੰਦੀਆਂ ਹਨ। ਪੰਜਾਬੀ ਅਕਾਦਮੀ ਦਿੱਲੀ ਵੱਲੋਂ ਪੰਜਾਬ ਦੀਆਂ ਨਾਮਵਰ ਨਾਟ-ਮੰਡਲੀਆਂ ਦੀਆਂ ਪੇਸ਼ਕਾਰੀਆਂ ਕਰਵਾਈਆਂ ਜਾਂਦੀਆਂ ਰਹੀਆਂ ਹਨ ਪ੍ਰੰਤੂ ਹੁਣ ਅਕਾਦਮੀ ਵੱਲੋਂ ਅਜਿਹਾ ਕੋਈ ਉਪਰਾਲਾ ਨਹੀਂ ਕੀਤਾ ਜਾਂਦਾ। ਇਸ ਤੋਂ ਇਲਾਵਾ 'ਮੰਚ ਰੰਗਮੰਚ' ਅੰਮ੍ਰਿਤਸਰ ਵੱਲੋਂ ਕੇਵਲ ਧਾਲੀਵਾਲ ਦੀ ਨਿਰਦੇਸ਼ਣਾ ਹੇਠ ਭਾਰਤ ਦੇ ਬਾਕੀ ਰਾਜਾਂ ਵਿੱਚ ਪੰਜਾਬੀ ਨਾਟਕਾਂ ਦੀਆਂ ਪੇਸ਼ਕਾਰੀਆਂ ਕੀਤੀਆਂ ਜਾਂਦੀਆਂ ਰਹਿੰਦੀਆਂ ਹਨ। ਇਹ ਰੰਗਮੰਚ ਦੀ ਇੱਕ ਵਿਲੱਖਣ ਸ਼ਕਤੀ ਹੈ ਕਿ ਕਿਸੇ ਵੀ ਰਾਜ ਵਿੱਚ ਪੰਜਾਬੀ ਭਾਸ਼ਾ ਵਿੱਚ ਪੇਸ਼ ਹੋਇਆ ਨਾਟਕ ਵੀ ਦਰਸ਼ਕਾਂ ਨੂੰ ਸਮਝ ਆ ਜਾਂਦਾ ਸੀ ਕਿਉਂਕਿ ਰੰਗਮੰਚ ਕੋਲ ਦ੍ਰਿਸ਼ ਦੀ ਇੱਕ ਸ਼ਕਤੀਸ਼ਾਲੀ ਭਾਸ਼ਾ ਹੈ। ਪੰਜਾਬ ਦੀਆਂ ਹੋਰ ਨਾਟ-ਮੰਡਲੀਆਂ ਨੂੰ ਬਾਕੀ ਰਾਜਾਂ ਵਿੱਚ ਆਪਣੇ ਨਾਟਕ ਪੇਸ਼ ਕਰਨ ਦਾ ਮੌਕਾ ਮਿਲਣਾ ਚਾਹੀਦਾ ਹੈ। ਦੂਜੇ ਪਾਸੇ ਇਹ ਵੀ ਸਥਿਤੀ ਹੈ ਕਿ ਦੂਜੇ ਰਾਜਾਂ ਤੋਂ ਵੀ ਬਹੁਤ ਘੱਟ ਟੀਮਾਂ ਨੂੰ ਪੰਜਾਬ ਵਿੱਚ ਆਪਣਾ ਨਾਟਕ ਪੇਸ਼ ਕਰਨ ਦਾ ਮੌਕਾ ਮਿਲਦਾ ਹੈ। ਅੰਤਰਰਾਜੀ ਪੇਸ਼ਕਾਰੀਆਂ ਹੋਣੀਆਂ ਬਹਤ ਜ਼ਰੂਰੀ ਹਨ ਤਾਂ ਜੋ ਸਭਿਆਚਾਰਕ ਅਤੇ ਕਲਾਤਮਿਕ ਅਦਾਨ-ਪ੍ਰਦਾਨ ਨਾਲ ਰੰਗਮੰਚ ਵਿੱਚ ਗੁਣਾਤਮਿਕਤਾ ਅਤੇ ਵੰਨ-ਸੁਵੰਨਤਾ ਆ ਸਕੇ।

ਪੰਜਾਬ ਵਿੱਚੋਂ ਰੰਗਮੰਚ ਕਰਨ ਵਾਲੇ ਕਈ ਰੰਗਕਰਮੀ ਰੋਜ਼ੀ ਦੇ ਮਸਲੇ ਵਿੱਚ ਵਿਦੇਸ਼ਾਂ ਵਿੱਚ ਚਲੇ ਗਏ। ਉਥੇ ਜਾ ਕੇ ਵੀ ਉਹਨਾਂ ਨੇ ਆਪਣੇ ਪੱਧਰ 'ਤੇ ਰੰਗਮੰਚ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਹਨ। ਪਰਵਾਸੀ ਪੰਜਾਬੀ ਰੰਗਮੰਚ ਕਰਨ ਵਿੱਚ ਸਭ ਤੋਂ ਵੱਡੀ ਸਮੱਸਿਆ ਕਲਾਕਾਰਾਂ ਕੋਲ ਸਮਾਂ ਨਾ ਹੋਣ ਦੀ ਹੈ। ਇਸ ਕਰਕੇ ਇਹਨਾਂ ਪੇਸ਼ਕਾਰੀਆਂ ਵਿੱਚ ਪਕੇਰੇਪਨ ਦੀ ਘਾਟ ਹੈ। ਪ੍ਰੰਤੂ ਪਰਵਾਸੀ ਰੰਗਮੰਚ ਦੀ ਮਹੱਤਤਾ ਸਮਕਾਲ ਵਿੱਚ ਬਹੁਤ ਜਿਆਦਾ ਹੈ। ਪਰਵਾਸੀ ਰੰਗਕਰਮੀ ਕੁਲਵਿੰਦਰ ਖਹਿਰਾ ਆਪਣੇ ਲੇਖ 'ਕੈਨੇਡਾ ਦਾ ਪੰਜਾਬੀ ਥੀਏਟਰ ਅਤੇ ਇਸ ਦੀਆਂ ਸੰਭਾਵਨਾਵਾਂ' ਵਿੱਚ ਲਿਖਦੇ ਹਨ ਕਿ "ਕੈਨੇਡੀਅਨ ਸਵੈ-ਸ਼ਨਾਖਤ ਦੇ ਸੰਕਟ (Identity Cris) ਦਾ ਸ਼ਿਕਾਰ ਹਨ ਪਰ ਨਵੇਂ ਇਮੀਗ੍ਰੈਂਟ ਇਸ ਸਮੇਂ ਇਸ ਸੰਕਟ ਦਾ ਬੁਰੀ ਤਰਾਂ ਸ਼ਿਕਾਰ ਹਨ। ਇਸ ਸੰਕਟ ਸਦਕਾ ਹੀ ਕੈਨੇਡਾ ਵਿੱਚ ਪੈਦਾ ਹੋ ਰਹੇ ਪੰਜਾਬੀ ਬੱਚੇ ਕੁਰਾਹੇ ਪੈ ਰਹੇ ਹੈ। ਸਾਹਿਤਕ ਰੂਪ ਵਿੱਚ ਨਾਟਕ ਹੀ ਇੱਕ ਅਜਿਹੀ ਵਿਧਾ ਹੈ ਜੋ ਸਾਧਾਰਨ ਤੋਂ ਸਾਧਾਰਨ ਬੰਦੇ ਨੂੰ ਵੀ ਕੋਈ ਆਸ ਦੀ ਕਿਰਨ ਵਿਖਾ ਸਕਦੀ ਹੈ ਜਾਂ ਉਸਦੇ ਮਨ ਦਾ ਭਾਰ ਹੌਲਾ ਕਰ ਸਕਦੀ ਹੈ।"[3] ਪਾਲੀ ਭੁਪਿੰਦਰ ਸਿੰਘ, ਸਾਹਬ ਸਿੰਘ, ਅਨੀਤਾ ਸ਼ਬਦੀਸ਼, ਆਤਮਜੀਤ ਅਜਿਹੇ ਰੰਗਕਰਮੀ ਹਨ ਜਿਹੜੇ ਵਿਸ਼ੇਸ਼ ਸੱਦੇ 'ਤੇ ਜਾ ਕੇ ਵਿਦੇਸ਼ਾਂ ਵਿੱਚ ਨਾਟਕ ਤਿਆਰ ਕਰਵਾ ਕੇ ਪੇਸ਼ਕਾਰੀਆਂ ਕਰਦੇ ਰਹਿੰਦੇ ਹਨ। ਬਹੁਤੇ ਪੰਜਾਬੀ ਨਾਟਕ ਕੈਨੇਡਾ ਵਿੱਚ ਖੇਡੇ ਜਾਂਦੇ ਹਨ ਕਿਉਂਕਿ ਇਥੇ ਹੀ ਪੰਜਾਬੀ ਪ੍ਰਮੁੱਖ ਤੌਰ 'ਤੇ ਰਹਿ ਰਹੇ ਹਨ। ਸਭ ਤੋਂ ਪਹਿਲੀ ਵਾਰ ਕੈਨੇਡਾ ਵਿੱਚ ਪੰਜਾਬੀ ਨਾਟਕ 'ਤੀਜੀ ਪਾਸ' 1972 ਈ. ਵਿੱਚ ਕਲਚਰਲ ਐਸੋਸੀਏਸ਼ਨ ਵੱਲੋਂ ਕਰਵਾਇਆ ਗਿਆ

ਭਾਵੇਂ ਕਿ ਪਰਵਾਸੀ ਪੰਜਾਬੀ ਰੰਗਮੰਚ ਦੀ ਸ਼ੁਰੂਅਤ ਇੰਗਲੈਂਡ ਵਿੱਚ 1968 ਵਿੱਚ 'ਆਤੂ ਦਾ ਵਿਆਹ' ਨਾਟਕ ਦੀ ਪੇਸ਼ਕਾਰੀ ਨਾਲ ਹੁੰਦੀ ਹੈ। ਇਸ ਸਮੇਂ ਹੀਰਾ ਰੰਧਾਵਾ ਅਤੇ ਜਸਕਰਨ ਪਰਵਾਸੀ ਪੰਜਾਬੀ ਰੰਗਮੰਚ ਵਿੱਚ ਸਰਗਰਮ ਹਨ।

ਉਪਰੋਕਤ ਚਰਚਾ ਤੋਂ ਇਲਾਵਾ ਸਮਕਾਲ ਵਿੱਚ ਕੁਝ ਹੋਰ ਰੁਝਾਨ ਵੀ ਹਨ ਜਿਨ੍ਹਾਂ ਬਾਰੇ ਸੰਖੇਪ ਚਰਚਾ ਕਰਨੀ ਬਣਦੀ ਹੈ। ਅਸੀਂ ਉੱਪਰ ਚਰਚਾ ਕੀਤੀ ਹੈ ਕਿ ਕਰੋਨਾ-ਕਾਲ ਤੋਂ ਬਾਅਦ ਪੰਜਾਬੀ ਰੰਗਮੰਚ ਦੀਆਂ ਗਤੀਵਿਧੀਆਂ ਵਿੱਚ ਵੱਡੀ ਖੜੋਤ ਆਈ ਹੈ। ਇਸ ਦੌਰ ਤੋਂ ਬਾਅਦ ਇਕ ਪਾਤਰੀ ਨਾਟਕ (ਸੋਲੋ ਨਾਟਕ) ਦਾ ਰੁਝਾਨ ਕਾਫ਼ੀ ਜਿਆਦਾ ਵਧਿਆ ਹੈ। ਸਮਰਪਿਤ ਅਦਾਕਾਰਾਂ ਦੀ ਘਾਟ ਅਤੇ ਨਾਟਕਾਂ ਦੀ ਤਿਆਰੀ ਦਾ ਬਜਟ ਕਾਫੀ ਜਿਆਦਾ ਹੋ ਜਾਣ ਕਰਕੇ ਸੋਲੋ ਨਾਟਕ ਰੰਗਕਰਮੀਆਂ ਲਈ ਵਰਦਾਨ ਸਾਬਤ ਹੋਇਆ ਹੈ। ਅੱਜਕੱਲ ਬਹੁਤੇ ਨਿਰਦੇਸ਼ਕ ਖੁਦ ਹੀ ਅਦਾਕਾਰ ਵਜੋਂ ਸੋਲੋ ਨਾਟਕ ਪੇਸ਼ ਕਰ ਰਹੇ ਹਨ। ਸੋਮਪਾਲ ਹੀਰਾ ਤਾਂ ਭਾਵੇਂ ਲੰਮੇ ਸਮੇਂ ਤੋਂ ਇਸ ਵਿਧਾ ਨਾਲ ਜੁੜਿਆ ਹੋਇਆ ਹੈ ਪ੍ਰੰਤੂ ਸਾਹਿਬ ਸਿੰਘ ਦਾ ਹੁਣ ਸਮੁੱਚਾ ਰੰਗਮੰਚ ਹੀ ਸੋਲੋ ਨਾਟਕ ਵਾਲਾ ਹੈ। ਉਹ 'ਸੰਮਾਂ ਵਾਲੀ ਡਾਂਗ', 'ਲੱਛੂ ਕਬਾੜੀਆ' ਅਤੇ 'ਧਨੁ ਲੇਖਾਰੀ ਨਾਨਕਾ' ਸੋਲੋ ਨਾਟਕਾਂ ਦੀਆਂ ਪੇਸ਼ਕਾਰੀਆਂ ਭਾਰਤ ਅਤੇ ਕੈਨੇਡਾ ਵਿੱਚ ਬਹੁਤ ਜਿਆਦਾ ਕਰ ਰਿਹਾ ਹੈ। ਕੀਰਤੀ ਕਿਰਪਾਲ ਨੇ ਵੀ ਬਤੌਰ ਨਿਰਦੇਸ਼ਕ/ਅਦਾਕਾਰ ਆਪਣੇ ਪਲੇਠੇ ਸੋਲੋ ਨਾਟਕ 'ਸੁਕਰਾਤ' ਨਾਲ ਇਸ ਵਿਧਾ ਵਿੱਚ ਪ੍ਰਵੇਸ਼ ਕਰ ਲਿਆ ਹੈ। ਭਾਵੇਂ ਕਿ ਰੰਗਕਰਮੀਆਂ ਨੇ ਸਮਕਾਲੀ ਸੰਕਟਾਂ ਨੂੰ ਦੇਖਦਿਆਂ ਸੋਲੋ ਨਾਟਕ ਕਰਨ ਨੂੰ ਤਰਜੀਹ ਦਿੱਤੀ ਪ੍ਰੰਤੂ ਇਹ ਪੰਜਾਬੀ ਰੰਗਮੰਚ ਲਈ ਚਿੰਤਾ ਦਾ ਵਿਸ਼ਾ ਹੈ। ਸਮੱਗਰ ਰੰਗਮੰਚ ਬਹੁ-ਪਾਤਰੀ ਨਾਟਕਾਂ ਰਾਹੀਂ ਹੀ ਸੰਭਵ ਹੋ ਸਕਦਾ ਹੈ। ਇਸ ਲਈ ਅਜਿਹੇ ਯਤਨ ਜਾਂ ਸਬੱਬ ਬਣਨ ਕਿ ਪਹਿਲਾਂ ਵਾਂਗ ਹੀ ਨਵੇਂ ਰੰਗਕਰਮੀ ਇਸ ਖੇਤਰ ਵਿੱਚ ਚਾਅ ਅਤੇ ਸਮਰਪਣ ਨਾਲ ਆਉਣ। ਅਕਾਦਮਿਕ ਪੱਧਰ 'ਤੇ ਵੀ ਪੰਜਾਬੀ ਨਾਟਕ ਅਤੇ ਰੰਗਮੰਚ ਦੇ ਖੇਤਰ ਵਿੱਚ ਇਕ ਨਵਾਂ ਤਜ਼ਰਬਾ ਹੋਇਆ ਹੈ। ਨਾਟ-ਆਲੋਚਕ ਅਤੇ ਨਾਟਕਕਾਰ ਡਾ. ਸਤੀਸ਼ ਕੁਮਾਰ ਵਰਮਾ ਦੇ ਸ਼ਾਗਿਰਦਾਂ ਨੇ 'ਸਤੀਸ਼ ਕੁਮਾਰ ਵਰਮਾ ਖੋਜ ਪਰਿਵਾਰ' ਦਾ ਗਠਨ ਕੀਤਾ ਹੈ। ਹਰ ਮਹੀਨੇ ਦੀ ਪਹਿਲੀ ਤਾਰੀਖ ਨੂੰ ਕਿਸੇ ਇੱਕ ਵਿਸ਼ੇ 'ਤੇ ਖੋਜ ਭਰਪੂਰ ਵਿਚਾਰ ਚਰਚਾ ਹੁੰਦੀ ਹੈ ਜਿਸ ਵਿੱਚ ਪੰਜਾਬ ਦੇ ਲਗਭਗ ਸਾਰੇ ਰੰਗਕਰਮੀ ਭਾਗ ਲੈਂਦੇ ਹਨ। ਇਕ ਸੈਮੀਨਾਰ ਵਾਂਗ ਵਿਧੀ-ਵਿਧਾਨ ਅਨੁਸਾਰ ਸਾਰੀ ਵਿਚਾਰ ਚਰਚਾ ਹੁੰਦੀ ਹੈ ਜਿਸਦੀ ਬਕਾਇਦਾ ਡਾਕੂਮੈਂਟੇਸ਼ਨ ਵੀ ਹੁੰਦੀ ਹੈ। ਪੂਰੇ ਸਾਲ ਦੀ ਡਾਕੂਮੈਟੇਸ਼ਨ ਨੂੰ ਪੁਸਤਕ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਇਹ ਬੈਠਕ ਆਨਲਾਈਨ ਵਿਧੀ ਰਾਹੀਂ ਹੁੰਦੀ ਜਿਸਦੇ ਮਕਸਦ ਲਈ ਇੱਕ ਵਟਸਐੱਪ ਗਰੁੱਪ ਬਣਾਇਆ ਗਿਆ। ਇਸ ਗਰੁੱਪ ਵਿੱਚ ਸੱਦਾ ਪੱਤਰ ਵਿੱਚ ਸ਼ਾਮਲ ਰੰਗਕਰਮੀਆਂ ਤੋਂ ਇਲਾਵਾ ਬਾਕੀਆਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ।

ਕਰੋਨਾ ਕਾਲ ਤੋਂ ਬਾਅਦ ਘੱਟ ਖ਼ਰਚੇ ਵਿੱਚ ਅਜਿਹਾ ਖੋਜ-ਭਰਪੂਰ ਕਾਰਜ ਨਿਰੰਤਰਤਾ ਨਾਲ ਕਰਨਾ ਪੰਜਾਬੀ ਨਾਟ-ਆਲਚੋਨਾ ਲਈ ਇੱਕ ਸ਼ੁੱਭ ਸ਼ਗਨ ਹੈ। ਪ੍ਰੰਤੂ ਨਾਟ-ਚਿੰਤਨ ਬਾਰੇ ਅਜੇ ਨਿੱਠ ਕੇ ਕੰਮ ਕਰਨ ਦੀ ਬਹੁਤ ਜਿਆਦਾ ਜ਼ਰੂਰਤ ਹੈ। ਉੱਘੇ ਆਲੋਚਕ ਡਾ. ਹਰਭਜਨ ਸਿੰਘ ਭਾਟੀਆ ਚਿੰਤਾ ਪ੍ਰਗਟ ਕਰਦੇ ਹੋਏ ਕਹਿੰਦੇ ਹਨ ਕਿ "ਜਿੱਥੋਂ ਤੱਕ ਪੰਜਾਬੀ ਨਾਟ-ਚਿੰਤਨ ਦੀ ਗੱਲ ਹੈ, ਇਸ ਦੇ ਕਈ ਪੱਧਰ ਨੇ। ਥੀਊਰੀ ਦਾ ਪੱਧਰ ਹੈ। ਹਿਸਟਰੀ ਦਾ ਪੱਧਰ ਏ। ਟੈਕਚੁਆਲ ਐਨੈਲਸਿਸ ਨੇ। ਉਸ ਤੋਂ ਬਾਅਦ ਉਸਦੀਆਂ ਮੈਕਰੋ ਸਟੱਡੀਜ਼ ਨੇ। ਪੰਜਾਬੀ ਨਾਟ ਚਿੰਤਨ ਨੇ ਮੈਨੂੰ ਲੱਗਦਾ ਹੈ ਪੰਜਾਬੀ ਨਾਟਕ ਦੇ ਹਾਲੇ ਬਹੁਤ ਸਾਰੇ ਪੱਖਾਂ ਨੂੰ ਤਾਂ ਛੋਹਿਆ ਹੀ ਨਹੀਂ। ਇਥੋਂ ਤੱਕ ਕਿ ਜੋ ਸਾਡਾ ਨਾਟ-ਸਿਧਾਂਤ ਵੀ ਹੈ, ਉਹ ਪੱਛਮ ਦਾ ਵੀ ਮਿਲ ਜਾਂਦਾ ਹੈ, ਸੰਸਕ੍ਰਿਤ ਦਾ ਹੈ, ਯੂਨਾਨੀ ਤੇ ਸ਼ੈਕਸਪੀਅਰ ਦਾ ਵੀ ਮਿਲ ਜਾਂਦਾ ਹੈ। ਪਰ ਮੈਨੂੰ ਹਾਲੇ ਤੀਕ ਮੈਨੂੰ ਕੋਈ ਅਜਿਹੀ ਪੁਸਤਕ ਨਹੀਂ ਮਿਲੀ ਜਿਸ ਵਿੱਚ ਇਸ ਨਾਟ ਸਿਧਾਂਤ ਨੂੰ ਇਕ ਮੁਕੰਮਲ ਰੂਪ ਵਿਚ ਇਕ ਇਤਿਹਾਸਕ ਦੇ ਰੂਪ ਵਿਚ ਜਾਂ ਉਸਦੇ ਸਾਰੇ ਪਸਾਰਾਂ ਨੂੰ ਵਿਚਾਰਿਆ ਗਿਆ ਹੋਵੇ"।[4] ਇਸ ਕਰਕੇ ਨਾਟ-ਆਲੋਚਨਾ ਵਾਲਾ ਖੇਤਰ ਅਜੇ ਖਾਲੀ ਪਿਆ ਹੈ।

ਉਪਰੋਕਤ ਵਿਚਾਰ ਚਰਚਾ ਦੌਰਾਨ ਅਸੀਂ ਦੇਖਦੇ ਹਾਂ ਕਰੋਨਾ ਕਾਲ ਤੋਂ ਬਾਅਦ ਪੰਜਾਬੀ ਰੰਗਮੰਚ ਇੱਕ ਵਾਰੀ ਫਿਰ ਸਰਗਰਮ ਹੋਣ ਲਈ ਨਿਰੰਤਰ ਜੱਦੋ ਜਹਿਦ ਕਰ ਰਿਹਾ ਹੈ। ਮਨੁੱਖੀ ਸਭਿਅਤਾ ਦੇ ਇਤਿਹਾਸ ਵਿੱਚ ਅਨੇਕਾਂ ਅਜਿਹੇ ਦੌਰ ਆਏ ਹਨ ਜਦੋਂ ਰੰਗਮੰਚ ਬਿਲਕੁੱਲ ਖ਼ਤਮ ਹੋਣ ਕਿਨਾਰੇ ਹੁੰਦਾ ਸੀ ਪ੍ਰੰਤੂ ਇਸ ਵਿੱਚ ਨਵੀਆਂ ਕਰੂੰਬਲਾਂ ਵਾਂਗ ਰੰਗਕਰਮੀ ਫੁੱਟਦੇ ਰਹੇ ਹਨ ਅਤੇ ਫੁੱਟਦੇ ਰਹਿਣਗੇ। ਆਰਥਿਕ ਸਾਧਨਾਂ ਦੀ ਘਾਟ ਅਤੇ ਕੋਈ ਸਪੱਸ਼ਟ ਭਵਿੱਖ ਨਾ ਹੋਣ ਕਰਕੇ ਰੰਗਮੰਚ ਸ਼ੁਰੂ ਤੋਂ ਹੀ ਸੰਕਟ ਵਿੱਚ ਰਿਹਾ ਹੈ। ਇਹਨਾਂ ਸਾਰਿਆਂ ਸੰਕਟਾਂ ਤੋਂ ਛੁਟਕਾਰਾ ਪਾਉਣ ਲਈ ਉੱਘੇ ਨਾਟ-ਆਲੋਚਕ ਡਾ. ਸਤੀਸ਼ ਕੁਮਾਰ ਵਰਮਾ ਨਾਟਕ ਅਤੇ ਰੰਗਮੰਚ ਦੀਆਂ ਭਵਿੱਖਮੁਖੀ ਸੰਭਾਵਨਾਵਾਂ ਵੱਲ ਸੰਕੇਤਕ ਇਸ਼ਾਰਾ ਕਰਦੇ ਹੋਏ ਕਹਿੰਦੇ ਹਨ ਕਿ ਪਹਿਲਾਂ ਉਹਨਾਂ ਰਵਇਤਾਂ ਦੀ ਪੁਣਛਾਣ ਕਰਨ ਦੀ ਲੋੜ ਹੈ ਜਿਸ ਨੇ ਪੰਜਾਬੀ ਰੰਗਮੰਚ ਨੂੰ ਢਾਅ ਲਈ ਹੈ। ਇਸ ਤੋਂ ਬਾਅਦ ਸਭਿਆਚਾਰਕ ਵਿਭਾਗ ਪੰਜਾਬ,ਨਾਰਥ ਜ਼ੋਨ ਕਲਚਰਲ ਸੈਂਟਰ, ਭਾਸ਼ਾ ਵਿਭਾਗ ਪੰਜਾਬ ਅਤੇ ਪੰਜਾਬੀ ਅਕਾਦਮੀ ਦਿੱਲੀ ਕੇਵਲ ਸਪਾਂਸਰਸ਼ਿਪ ਹੀ ਨਾ ਦੇਣ ਸਗੋਂ ਰੰਗਮੰਚ ਦੀਆਂ ਬਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਯਤਨ ਕਰਨ। ਸਰਕਾਰ ਰੰਗਮੰਚ ਲਈ ਕੋਈ ਵਿਸ਼ੇਸ਼ ਸਪੇਸ ਦੇਵੇ ਅਤੇ ਹਰ ਜ਼ਿਲ੍ਹੇ ਵਿੱਚ ਆਧੁਨਿਕ ਸਹੂਲਤਾਂ ਵਾਲੇ ਥੀਏਟਰ ਹਾਲ ਹੋਣ ਤਾਂ ਜੋ ਕਸਬੀ ਰੰਗਮੰਚ ਨੂੰ ਹੁਲਾਰਾ ਮਿਲ ਸਕੇ। ਯੂਨੀਵਰਸਿਟੀਆਂ ਦੇ ਥੀਏਟਰ ਵਿਭਾਗ ਵੀ ਬਾਹਰ ਨਿਕਲ ਕੇ ਕਸਬੀ ਰੰਗਮੰਚ ਨਾਲ ਜੁੜਨ। ਨਾਟਕਕਾਰ ਵੀ ਅਲਪ ਸਰੂਪਾਂ ਨੂੰ ਛੱਡ ਕੇ ਪੂਰੇ ਨਾਟਕ ਲਿਖਣ ਵੱਲ ਰੁਚਿਤ ਹੋਣ"।[5] ਭਾਵੇ ਕਿ ਹੁਣ ਨਾਟਕਕਾਰ ਆਮ ਤੌਰ 'ਤੇ ਪੂਰੇ ਨਾਟਕ ਲਿਖਣ ਵੱਲ ਰਚਿਤ ਹੋ ਚੁੱਕੇ ਹਨ ਪ੍ਰੰਤੂ ਫੇਰ ਵੀ ਅਜੇ

ਪੰਜਾਬੀ ਰੰਗਮੰਚ ਨੂੰ ਅਜੇ ਵੱਡੀਆਂ ਸਕਰਿਪਟਾਂ ਦੀ ਬਹੁਤ ਜਿਆਦਾ ਲੋੜ ਹੈ। ਇਹਨਾਂ ਸਾਰੀਆਂ ਸਮੱਸਿਆਵਾਂ ਅਤੇ ਸੰਭਾਵਨਾਵਾਂ ਦੇ ਬਾਵਜੂਦ ਪੰਜਾਬੀ ਰੰਗਮੰਚ ਦਾ ਆਪਣਾ ਇੱਕ ਇਤਿਹਾਸ ਹੈ ਕਿ ਇਸ ਨੂੰ ਕਰਨ ਵਾਲੇ ਜਨੂੰਨੀ ਰੰਗਕਰਮੀ ਹਰ ਦੌਰ ਵਿੱਚ ਪੈਦਾ ਹੁੰਦੇ ਰਹੇ ਹਨ। ਇਸੇ ਜਨੂੰਨ ਵਿੱਚ ਹੀ ਪੰਜਾਬ ਰੰਗਮੰਚ ਦੇ ਭਵਿੱਖਮੁਖੀ ਵਿਕਾਸ ਦੇ ਬੀਜ ਪਏ ਹਨ।

## ਹਵਾਲੇ ਤੇ ਟਿੱਪਣੀਆਂ

---

[1] ਪਾਲੀ ਭੁਪਿੰਦਰ ਸਿੰਘ (ਸੰਪਾ.), ਪੰਜਾਬੀ ਨਾਟ-ਪ੍ਰਵਚਨ, 2012, ਪੰਨਾ 64

[2] ਦੇਵਿੰਦਰ ਕੁਮਾਰ, ਪੰਜਾਬੀ ਰੰਗਮੰਚ: ਪਿਛੋਕੜ ਤੇ ਪਰਿਪੇਖ, 2016, ਪੰਨਾ 30

[3] ਰੁਮਿੰਦਰ ਕੌਰ ਅਤੇ ਨਿਮਰਤਦੀਪ ਕੌਰ (ਸੰਪਾ.), ਸਮਕਾਲੀਨ ਪੰਜਾਬੀ ਨਾਟਕ ਤੇ ਰੰਗਮੰਚ: ਦਸ਼ਾ ਤੇ ਦਿਸ਼ਾ, 2012, ਪੰਨਾ 116

[4] ਪਾਲੀ ਭੁਪਿੰਦਰ ਸਿੰਘ (ਸੰਪਾ.), ਪੰਜਾਬੀ ਨਾਟ-ਪ੍ਰਵਚਨ, 2012, ਪੰਨਾ 97-98

[5] ਸਤੀਸ਼ ਕੁਮਾਰ ਵਰਮਾ, ਪੰਜਾਬੀ ਨਾਟ-ਮੰਚ ਦਾ ਨਿਕਾਸ ਤੇ ਵਿਕਾਸ,2011, ਪੰਨਾ 146-147